# ਸਤਿਸੰਗ

# ਗੁਰਬਾਣੀ ਉਪਮਾ

**॥ ਸਲੋਕ ਮ: ੫॥** **(ਅੰਗ 518)**

**ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ॥**

ਹਰ ਦਫਾ ਗੁਰਬਾਨੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਨੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਨੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਨੀ ਗੁਰੂ ਗੁਰੂ ਹੈ ਬਾਨੀ ਵਿਚਿ ਬਾਨੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਨੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*(ਅੰਗ 982)*

ਜੋ ਪ੍ਰਾਣੀ ਗੁਰਬਾਨੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਨੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਅੱਜ ਹਜ਼ੂਰ ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਮਹਾਰਾਜ ਦਾ ਅਵਤਾਰ ਦਿਵਸ ਹੈ। ਇੱਥੇ ਆਈ ਸੰਗਤ ਨੂੰ ਦੇਸ਼ ਵਿਦੇਸ਼ ਦੀ ਸੰਗਤ ਨੂੰ ਹਜ਼ੂਰ ਸੱਤਵੇਂ ਪਾਤਿਸ਼ਾਹ ਜੀ ਦੇ 389ਵੇਂ ਅਵਤਾਰ ਦਿਵਸ ਦੀ ਲੱਖ ਲੱਖ ਵਧਾਈ ਹੋਵੇ। ਹਜ਼ੂਰ ਕਿਰਪਾ ਕਰਨ, ਬਖਸ਼ਿਸ਼ ਕਰਨ ਸਾਰੇ ਪਰਿਵਾਰਾਂ ਵਿੱਚ ਖੁਸ਼ੀਆਂ, ਖੇੜੇ, ਇਤਿਫ਼ਾਕ ਬਖਸ਼ ਕੇ ਜਿਸ ਤਰ੍ਹਾਂ ਗੁਰਬਾਨੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਹਜ਼ੂਰ ਦੇ ਅਵਤਾਰ ਦਿਵਸ ਤੇ ਸੰਗਤ ਵੱਲੋਂ ਜੋ ਪਾਠ ਕਰਵਾਇਆ ਗਿਆ ਹੈ ਉਸ ਦੇ ਭੋਗ ਉਪਰੰਤ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਹੁਕਮਨਾਮਾ ਆਇਆ ਹੈ। ਹਜ਼ੂਰ ਇਸ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਉਸ ਨੂੰ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਨੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸਾਡੇ ਹਿੱਤ ਬਾਰੇ ਭੇਦ ਬਖਸ਼ ਰਹੇ ਹਨ ਕਿ ਉਸ ਅਕਾਲ ਪੁਰਖ ਵਾਹਿਗੁਰੂ, ਧੁਰ ਕੀ ਬਾਨੀ, ਅੱਲਾਹ, ਗਾਡ, ਰਾਮ ਨੂੰ ਮੁਖਾਤਿਬ ਕਰ ਕੇ ਬੇਨਤੀ ਕਰੋ ਕਿ

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥*
*(ਅੰਗ 729)*

ਉਸ ਤਾਕਤ ਨੂੰ ਸੱਜਣ ਕਿਹਾ ਗਿਆ ਹੈ। ਪਹਿਲੇ ਸਮੇਂ ਵਿੱਚ ਕਾਰਾਂ ਗੱਡੀਆਂ ਜਾਂ ਜਹਾਜਾਂ ਦੇ ਸਾਧਨ ਨਹੀਂ ਹੁੰਦੇ ਸਨ। ਅਮੀਰ ਲੋਕ ਜਾਂ ਬਾਦਸ਼ਾਹ ਰਥ ਤੇ ਚੜ੍ਹ ਕੇ ਜਾਇਆ ਕਰਦੇ ਸਨ। ਇਸੇ ਕਰਕੇ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਾਂ ਦੂਸਰੀਆਂ ਪਾਤਿਸ਼ਾਹੀਆਂ ਪੈਦਲ ਹੀ ਚੱਲ ਕੇ ਜਾਇਆ ਕਰਦੇ ਸਨ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਜਿਸ ਤਰ੍ਹਾਂ ਤੁਹਾਡੇ ਚਰਨਾਂ ਨਾਲ ਧੂੜ ਜਾਂ ਮਿੱਟੀ ਉੱਡਦੀ ਹੈ ਮੈਂ ਆਪਣੇ ਆਪ ਨੂੰ ਉਸ ਮਿੱਟੀ ਦੇ ਸਮਾਨ ਸਮਝਾਂ।

**ਨਾਨਕ ਸਰਣਿ ਤੁਹਾਰੀਆ**

**ਪੇਖਉ ਸਦਾ ਹਜੂਰਿ ॥ ੧ ॥**

ਸੱਚੇ ਪਾਤਿਸ਼ਾਹੋ! ਮੈਨੂੰ ਆਪਣੀ ਸ਼ਰਨ ਬਖਸ਼ੋ। ਜਦੋਂ ਵੀ ਮੈਂ ਅੱਖਾਂ ਬੰਦ ਕਰਾਂ ਮੈਨੂੰ ਤੁਹਾਡੇ ਸਰੂਪ ਦੇ ਦਰਸ਼ਨ ਹੋਣ। ਮੈਂ ਕਦੇ ਵੀ ਆਪਣੇ ਆਪ ਨੂੰ ਇੱਕਲਾ ਨਾ ਸਮਝਾਂ। ਮੈਨੂੰ ਹਮੇਸ਼ਾਂ ਤੁਹਾਡੇ ਦਰਸ਼ਨ ਪੇਖਣ ਨੂੰ ਮਿਲਣ।

*ਮੈ ਮੂਰਖ ਕੀ ਕੇਤਕ ਬਾਤ ਹੈ*
*ਕੋਟਿ ਪਰਾਧੀ ਤਰਿਆ ਰੇ ॥*
*ਗੁਰੁ ਨਾਨਕੁ ਜਿਨ ਸੁਣਿਆ ਪੇਖਿਆ*
*ਸੇ ਫਿਰਿ ਗਰਭਾਸਿ ਨ ਪਰਿਆ ਰੇ ॥ ੪ ॥ (ਅੰਗ 612)*

ਮੈਂ ਦ੍ਰਿੜ ਹੋ ਕੇ, ਭਾਵ ਅਤੇ ਵਿਸ਼ਵਾਸ਼ ਰੱਖ ਕੇ ਆਵਾਂ ਅਤੇ ਹਜ਼ੂਰ ਮੇਰੇ ਉੱਪਰ ਐਨੀ ਬਖਸ਼ਿਸ਼ ਕਰ ਦਿਓ ਕਿ ਮੈਂ ਜਦੋਂ ਵੀ ਅੱਖਾਂ ਬੰਦ ਕਰਾਂ ਮੈਨੂੰ ਤੁਹਾਡੇ ਦਰਸ਼ਨ ਹੋਣ ਅਤੇ ਮੈਨੂੰ ਇੰਝ ਲੱਗੇ ਕਿ ਹਜ਼ੂਰ ਮੇਰੇ ਨਾਲ ਹੀ ਤੁਰੇ ਜਾ ਰਹੇ ਹਨ, ਬਖਸ਼ਿਸ਼ ਕਰ ਰਹੇ ਹਨ, ਮੈਨੂੰ ਦਿਲਾਸਾ ਦੇ ਰਹੇ ਹਨ। ਹਜ਼ੂਰ! ਕਿਰਪਾ ਕਰਕੇ ਮੇਰੀ ਐਸੀ ਦਸ਼ਾ ਬਣਾ ਦਿਓ।

**॥ ਮਃ ੫ ॥**

**ਪਤਿਤ ਪੁਨੀਤ ਅਸੰਖ ਹੋਹਿ**

**ਹਰਿ ਚਰਣੀ ਮਨੁ ਲਾਗ ॥**

ਹਜ਼ੂਰ! ਪਿਛਲਿਆਂ ਸਮਿਆਂ ਵਿੱਚ ਤੁਸੀਂ ਕਿੰਨੇ ਪਤਿਤ, ਕਾਮੀ, ਕ੍ਰੋਧੀ, ਲੋਭੀ ਅਤੇ ਹੰਕਾਰੀਆਂ ਨੂੰ ਪੁਨੀਤ ਕੀਤਾ ਅਤੇ ਉਹਨਾਂ ਦਾ ਉਧਾਰ ਕੀਤਾ। ਇਸੇ ਤਰ੍ਹਾਂ

*ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ*
*ਬਖਸਿ ਲੀਆ ਖਿਨ ਮਾਹੀ ॥ (ਅੰਗ 577)*

ਸੱਚੇ ਪਾਤਿਸ਼ਾਹੋ! ਮੇਰੇ ਗੁਨਾਹ ਅਤੇ ਔਗੁਣ ਨਾ ਦੇਖਿਓ। ਜਿਸ ਤਰ੍ਹਾਂ ਤੁਸੀਂ ਪਹਿਲਾਂ ਪਤਿਤ ਜੀਵਾਂ ਨੂੰ ਸ਼ੁਧ ਕਰਕੇ ਬਖਸ਼ਦੇ ਆਏ ਹੋ ਮੇਰੇ ਉੱਪਰ ਵੀ ਉਸੇ ਤਰ੍ਹਾਂ ਕਿਰਪਾ ਅਤੇ ਬਖਸ਼ਿਸ਼ ਕਰੋ।

**ਅਠਸਠਿ ਤੀਰਥ ਨਾਮੁ ਪ੍ਰਭ**

**ਜਿਸੁ ਨਾਨਕ ਮਸਤਕਿ ਭਾਗ ॥ ੨ ॥**

ਹਜ਼ੂਰ ਫੁਰਮਾਉਂਦੇ ਹਨ ਕਿ ਜਿਸ ਦੇ ਮਸਤਕ ਉੱਪਰ ਐਸੀ ਬਖਸ਼ਿਸ਼ ਹੋ ਜਾਵੇ ਉਸ ਨੂੰ ਅਠਾਹਠ ਤੀਰਥਾਂ ਦਾ ਫਲ ਮਿਲਦਾ ਹੈ। ਪਰ ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਤੀਰਥ ਨਾਤੇ ਏਕ ਫਲ ਸਾਧੂ ਮਿਲੇ ਫਲ ਚਾਰ ॥*
*ਸਤਿਗੁਰੂ ਮਿਲੇ ਅਨੇਕ ਫਲ ਕਹਤ ਕਬੀਰ ਬੀਚਾਰ ॥*

ਸੱਚੇ ਪਾਤਿਸ਼ਾਹੋ! ਮੈਨੂੰ ਹੋਰ ਤੀਰਥਾਂ ਤੇ ਜਾਣ ਦੀ ਲੋੜ ਨਾ ਪਵੇ ਅਤੇ ਮੈਂ ਸਮਝਾਂ ਕਿ ਮੇਰੇ ਹਜ਼ੂਰ ਨਾਲ ਹਨ ਅਤੇ ਮੈਨੂੰ ਅਠਾਹਠ ਤੀਰਥਾਂ ਦੀ ਯਾਤਰਾ ਦਾ ਫਲ ਘਰੇ ਹੀ ਪ੍ਰਾਪਤ ਹੋ ਰਿਹਾ ਹੈ।

**॥ ਪਉੜੀ ॥**

**ਨਿਤ ਜਪੀਐ ਸਾਸਿ ਗਿਰਾਸਿ ਨਾਉ ਪਰਵਦਿਗਾਰ ਦਾ ॥**

ਹਜ਼ੂਰ ਸਾਨੂੰ ਸਿੱਖਿਆ ਦੇ ਰਹੇ ਹਨ ਕਿ ਜਿਹੜੀ ਤਾਕਤ ਨੇ ਸਾਰੀ ਦੁਨੀਆਂ ਦੀ ਸਿਰਜਣਾ ਕੀਤੀ ਹੈ ਅਤੇ ਉਹ ਰੱਖਿਆ ਅਤੇ ਪਾਲਣਾ ਵੀ ਕਰ ਰਹੀ ਹੈ। ਸਾਨੂੰ ਉਸ ਦਾ ਨਾਮ ਹਮੇਸ਼ਾਂ ਜਪਣਾ ਚਾਹੀਦਾ ਹੈ।

**ਜਿਸ ਨੋ ਕਰੇ ਰਹੰਮ ਤਿਸੁ ਨ ਵਿਸਾਰਦਾ ॥**

ਜਿਹੜੀ ਤਾਕਤ ਸਾਡੇ ਉਪੱਰ ਸਦਾ ਰਹਿਮ ਕਰਦੀ ਹੈ ਉਸ ਨੂੰ ਕਦੇ ਵੀ ਭੁੱਲਣਾ ਜਾਂ ਵਿਸਾਰਨਾ ਨਹੀਂ ਚਾਹੀਦਾ।

**ਆਪਿ ਉਪਾਵਣਹਾਰ ਆਪੇ ਹੀ ਮਾਰਦਾ ॥**

ਉਸ ਤਾਕਤ ਨੇ ਸਾਨੂੰ ਆਪ ਹੀ ਦੁਨੀਆਂ ਵਿੱਚ ਭੇਜਿਆ ਹੈ ਅਤੇ ਆਪ ਹੀ ਵਾਪਸ ਬੁਲਾ ਲੈਂਦੀ ਹੈ

*ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥*
*ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥ ੧ ॥*

*(ਅੰਗ 1239)*

ਹੁਣ ਇਹ ਨਹੀਂ ਸੋਚਣਾ ਕਿ ਐਸੀ ਤੁਕ ਕਿਉਂ ਆਈ ਹੈ? ਜਿਸ ਬੰਦੇ ਨੂੰ ਮੌਤ ਚੇਤੇ ਰਹਿੰਦੀ ਹੈ ਉਸ ਨੂੰ ਭਗਤੀ ਵੀ ਚੇਤੇ ਰਹਿੰਦੀ ਹੈ। ਉਹ ਜੀਵ ਬਹੁਤ ਭਾਗਾਂ ਵਾਲਾ ਹੁੰਦਾ ਹੈ ਉਹ ਕਦੇ ਵੀ ਗਲਤ ਕੰਮ ਨਹੀਂ ਕਰਦਾ ਕਿ ਮੇਰੀ ਮੌਤ ਹੋਣ ਵਾਲੀ ਹੈ ਹੁਣ ਮੈਂ ਕਿਉਂ ਠੱਗੀਆਂ ਮਾਰਾਂ ਜਾਂ ਪਰਿਵਾਰ ਵਾਸਤੇ ਗਲਤ ਕੰਮ ਕਿਉਂ ਕਰਾਂ। ਇਹ ਠੀਕ ਹੈ ਕਿ ਪਰਿਵਾਰ ਦੀ ਪਰਵਰਿਸ਼ ਵਾਸਤੇ ਮਿਹਨਤ ਜਰੂਰ ਕਰੇ ਪਰ ਗਲਤ ਕਰਮ ਨਾ ਕਰੇ। ਇਸ ਕਰਕੇ ਮੌਤ ਨੂੰ ਹਮੇਸ਼ਾਂ ਚੇਤੇ ਰੱਖੀਏ।

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥ ੯ ॥*

*(ਅੰਗ 1378)*

ਕੰਮ ਤਾਂ ਕਰਨੇ ਹੀ ਹਨ ਕਿਉਂਕਿ ਕੋਈ ਵੀ ਕੰਮ ਨਹੀਂ ਛੱਡ ਸਕਦਾ ਪਰ ਜੇਕਰ ਮੌਤ ਚੇਤੇ ਰਹੇ ਤਾਂ ਜੀਵ 99.99%

ਗਲਤੀਆਂ ਕਰਨ ਤੋਂ ਪਿੱਛੇ ਹਟਦਾ ਹੈ। ਅਗਰ ਸਹਿਵਨ ਗਲਤੀ ਹੋ ਜਾਵੇ ਤਾਂ ਉਹ ਅਲੱਗ ਗੱਲ ਹੈ ਵਰਨਾ ਜੀਵ ਪ੍ਰਹੇਜ ਹੀ ਕਰੇਗਾ। ਮਾਲਿਕ ਕਿਰਪਾ ਕਰਨ ਫੇਰ ਹੀ ਐਸੀ ਗੱਲ ਬਣਦੀ ਹੈ। ਸਤਿਸੰਗ ਕਰਾਉਣ ਵਾਲਿਆਂ ਨੂੰ ਇਹ ਸਿੱਖਿਆ ਹੈ ਕਿ ਅਗਰ ਕਿਸੇ ਨੇ ਨੇਕ ਨੀਤ ਨਾਲ ਜਿੰਦਗੀ ਬਤੀਤ ਕਰਨੀ ਹੈ ਤਦ ਮੌਤ ਨੂੰ ਚੇਤੇ ਰੱਖੋ। ਪ੍ਰੰਤੂ ਜਿਸ ਜੀਵ ਉੱਪਰ ਹਜ਼ੂਰ ਬਖਸ਼ਿਸ਼, ਰਹਿਮ ਅਤੇ ਦਇਆ ਕਰਨਗੇ ਸਿਰਫ਼ ਉਹੋ ਹੀ ਮੌਤ ਨੂੰ ਚੇਤੇ ਰੱਖੇਗਾ।

**ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ॥**

ਉਹ ਤਾਕਤ ਸਭ ਕੁਝ ਜਾਣਦੀ ਹੈ ਕਿ ਜੀਵ ਨੇ ਕੀ ਕਰਨਾ ਹੈ। ਫੇਰ ਉਹ ਵਿਚਾਰ ਕਰਦੇ ਹਨ ਕਿ ਕਿੱਦਾਂ ਕਰੀਏ ਕਿ ਇਸ ਜੀਵ ਦੇ ਪਰਿਵਾਰ ਉੱਪਰ ਕਿਰਪਾ ਰਹੇ। ਜਦੋਂ ਮਾਲਿਕ ਕਿਰਪਾ ਕਰਦੇ ਹਨ ਫੇਰ ਹੀ ਜੀਵ ਨੂੰ ਵੀ ਸਾਰੀਆਂ ਸੋਝੀਆਂ ਆਉਂਦੀਆਂ ਹਨ।

**ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ॥**

ਮਾਲਿਕ ਵੱਖਰੇ ਵੱਖਰੇ ਰੂਪ ਧਾਰ ਕੇ ਤੁਹਾਡੇ ਕੋਲ ਜਵਾਈ, ਭਣਵਈਆਂ, ਸਾਲਾ ਜਾਂ ਕੋਈ ਵੀ ਰੂਪ ਪਾ ਕੇ ਜਾਂ ਸਾਧੂ ਬਣ ਕੇ ਤੁਹਾਨੂੰ ਮਿਲਾਪ ਬਖਸ਼ਦੇ ਰਹਿੰਦੇ ਹਨ। ਪਰ ਤੁਸੀਂ ਆਪਣੇ ਆਪ ਨੂੰ ਚੁਕੰਨਾ ਰੱਖ ਕੇ, ਦਿਮਾਗ ਅਤੇ ਕੰਨ ਖੋਹਲ ਕੇ ਦੁਨੀਆਂ ਵਿੱਚ ਵਿਚਰੋ। ਐਸਾ ਨਹੀਂ ਕਿ ਤੁਸੀਂ ਕਿਸੇ ਦੀ ਗੱਲ ਦਾ ਜੁਆਬ ਨਹੀਂ ਦੇਣਾ। ਜਾਇਜ ਸਭ ਕੁਝ ਕਰਨਾ ਹੈ ਪਰ ਕਿਸੇ ਨਾਲ ਧੱਕਾਸ਼ਾਹੀ ਨਹੀਂ ਕਰਨੀ।

**ਜਿਸ ਨੋ ਲਾਇ ਸਚੁ ਤਿਸਹਿ ਉਧਾਰਦਾ॥**

ਉਸ ਤਾਕਤ ਨੇ ਜਿਸ ਦਾ ਬੇੜਾ ਪਾਰ ਕਰਨਾ ਹੁੰਦਾ ਹੈ ਜਿਸ ਦਾ ਉਧਾਰ ਕਰਨਾ ਹੁੰਦਾ ਹੈ ਉਸ ਨੂੰ ਸੱਚ ਨਾਲ ਜੋੜ ਦਿੰਦੀ ਹੈ। ਜੋ ਜੀਵ ਸੱਚ ਦੀ ਸੰਗਤ ਕਰਦੇ ਹਨ ਉਹ ਹਮੇਸ਼ਾਂ ਭਾਵ ਅਤੇ ਭੈ ਵਿੱਚ ਰਹਿ ਕੇ ਆਪਣਾ ਜੀਵਨ ਸਫ਼ਲ ਕਰਦੇ ਹਨ।

**ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ॥**

ਇਹ ਨਿਸ਼ਚੇ ਰੱਖੋ ਕਿ ਜਿਹੜਾ ਜੀਵ ਮਾਲਿਕ ਦੀ ਓਟ ਰੱਖੇਗਾ ਉਸ ਦੀ ਜਿੰਦਗੀ ਵਿੱਚ ਕਦੇ ਵੀ ਹਾਰ ਨਹੀਂ ਹੋਵੇਗੀ, ਉਸ ਨੂੰ ਕਦੇ ਕੋਈ ਧੋਖਾ ਨਹੀਂ ਦੇ ਸਕੇਗਾ, ਕੋਈ ਵਰਗਲ਼ਾ ਨਹੀਂ ਸਕੇਗਾ, ਉਸ ਉੱਪਰ ਕੋਈ ਐਕਸ਼ਨ ਕਰਕੇ ਮਾਰ ਨਹੀਂ ਸਕੇਗਾ।

**ਸਦਾ ਅਭਗੁ ਦੀਬਾਣੁ ਹੈ**

**ਹਉ ਤਿਸੁ ਨਮਸਕਾਰਦਾ॥ ੪॥**

ਉਹ ਤਾਕਤ ਬਹੁਤ ਸਾਰੀਆਂ ਸ਼ਕਤੀਆਂ ਲੈ ਕੇ ਆਉਂਦੀ ਹੈ। ਉਸ ਨੂੰ ਨਮਸਕਾਰ ਕਰੋ ਕਿ ਸੱਚੇ ਪਾਤਿਸ਼ਾਹੋ! ਤੁਸੀਂ ਧੰਨ ਹੋ ਜੋ ਜੀਵ ਤੁਹਾਡੀ ਓਟ ਅਤੇ ਆਸਰਾ ਲੈਂਦਾ ਹੈ ਉਸ ਉੱਪਰ ਤੁਸੀਂ ਰਹਿਮਤ ਅਤੇ ਬਖਸ਼ਿਸ਼ ਕਰਦੇ ਹੋ। ਉਸ ਦੀ ਕਦੇ ਹਾਰ ਨਹੀਂ ਹੁੰਦੀ ਲੇਕਿਨ

*ਗੁਰਮੁਖ ਹਾਰ ਚਲੇ ਜਗ ਜੀਤਾ॥*

ਗੁਰਮੁਖ ਆਪਣੀ ਹਾਰ ਮੰਨ ਕੇ ਦੁਨੀਆਂ ਨੂੰ ਜਿਤਾ ਦਿੰਦੇ ਹਨ। ਪਰ ਮਾਲਿਕ ਉਸ ਜੀਵ ਨੂੰ ਹਾਰਨ ਨਹੀਂ ਦਿੰਦੇ। ਉਸ ਦਾ ਰਿਜ਼ਲਟ ਫੇਰ ਵੀ ਵਧੀਆ ਹੀ ਆਉਂਦਾ ਹੈ।

# ਸਤਿਸੰਗ

**ਆਸਾ ਸੇਖ ਫਰੀਦ ਜੀਉ ਕੀ ਬਾਣੀ** (ਅੰਗ 488)

**ੴ ਸਤਿਗੁਰ ਪ੍ਰਸਾਦਿ॥**

**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥**

ਐੱਸ.ਜੀ.ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਦੇ ਫਾਉਂਡਰ ਚੇਅਰਮੈਨ ਦਾਸ ਕਸ਼ਮੀਰਾ ਸਿੰਘ ਨੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਪਰਿਵਾਰਾਂ ਨਾਲ ਮਿਲ ਕੇ ਨਾਨਕਸ਼ਾਹੀ ਸੰਮਤ ਦੇ 551ਵੇਂ ਨਵੇਂ ਸਾਲ ਦੇ ਆਗਮਨ ਦੀ ਖੁਸ਼ੀ ਵਿੱਚ ਅਖੰਡ ਪਾਠ ਕਰਵਾਇਆ ਹੈ। ਹਜ਼ੂਰ ਦੀ ਕਿਰਪਾ ਸਦਕਾ ਅਖੰਡ ਪਾਠ ਦਾ ਨਿਰਵਿਘਨ ਭੋਗ ਪਾਇਆ ਗਿਆ ਹੈ। ਇਸ ਕਰਕੇ ਸਾਰੀ ਆਈ ਸੰਗਤ ਨੂੰ ਅਤੇ ਦੇਸ਼ ਵਿਦੇਸ਼ ਦੀ ਸੰਗਤ ਨੂੰ ਨਵੇਂ ਸਾਲ ਦੇ ਆਗਮਨ ਦਿਵਸ ਦੀ ਬਹੁਤ ਬਹੁਤ ਵਧਾਈ ਹੋਵੇ।

ਬੇਸ਼ਕ ਸਾਡੇ ਦੇਸ਼ ਵਿੱਚ ਦਫ਼ਤਰੀ ਕੰਮ ਅੰਗਰੇਜੀ ਮਹੀਨਿਆਂ ਅਨੁਸਾਰ ਸ਼ੁਰੂ ਹੁੰਦੇ ਹਨ ਅਤੇ 31 ਮਾਰਚ ਨੂੰ ਅਕਾਉਂਟਸ ਦੀ ਜਾਂ ਦੂਸਰੇ ਕੰਮਾਂ ਦੀ ਕਲੋਜ਼ਿੰਗ ਹੁੰਦੀ ਹੈ ਲੇਕਿਨ ਜਿਹੜੀਆਂ ਕੌਮਾਂ ਆਪਣੇ ਵਿਰਸੇ ਨੂੰ ਭੁੱਲ ਜਾਂਦੀਆਂ ਹਨ ਉਹ ਖਤਮ ਹੋ ਜਾਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੁਤਾਬਿਕ ਨਵਾਂ ਸਾਲ ਚੇਤ ਦੇ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਸਾਨੂੰ ਆਪਣਾ ਵਿਰਸਾ ਨਹੀਂ ਭੁੱਲਣਾ ਚਾਹੀਦਾ ਅਤੇ ਇਸ ਨਵੇਂ ਸਾਲ ਨੂੰ ਚੇਤੇ ਰੱਖਣਾ ਚਾਹੀਦਾ ਹੈ। ਜਿਸ ਜਿਸ ਨੇ ਵੀ ਅਖੰਡ ਪਾਠ ਦੀ ਸੇਵਾ ਪਾਈ ਹੈ ਹਜ਼ੂਰ ਸਭ ਦੀਆਂ ਸ਼ੁਭ ਭਾਵਨਾਵਾਂ ਪੂਰਨ ਕਰਨ। ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਕੇ ਸੁਖਾਂ ਦਾ ਪ੍ਰਵੇਸ਼ ਕਰਨ। ਭੋਗ ਉਪਰੰਤ ਹਜ਼ੂਰ ਸੇਖ ਫ਼ਰੀਦ ਜੀ ਦੇ ਉਚਾਰਨ ਕੀਤੇ ਮਹਾਂਵਾਕ

ਵਿਚੋਂ ਹੁਕਮਨਾਮਾ ਆਇਆ ਹੈ। ਹਜ਼ੂਰ ਇਸ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਉਸ ਨੂੰ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ 'ਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਪੂਰਨ ਸੰਤ ਸਤਿਗੁਰੂ ਸ਼ੇਖ ਫਰੀਦ ਸਾਹਿਬ ਜੀ ਮਹਾਰਾਜ ਨੇ ਬਾਰਾਂ ਸਾਲ ਜੰਗਲ ਵਿੱਚ ਭਗਤੀ ਕਰਦਿਆਂ ਦਰਖਤਾਂ ਦੇ ਪੱਤੇ ਖਾਧੇ ਤਾਂ ਮਾਂ ਨੇ ਵਾਲ ਪੁੱਟ ਕੇ ਕਿਹਾ ਅਗਰ ਤੈਨੂੰ ਪੀੜ ਹੁੰਦੀ ਹੈ ਤਾਂ ਜਿਹੜੇ ਦਰਖਤਾਂ ਦੇ ਪੱਤੇ ਤੋੜ ਕੇ ਖਾਂਦਾ ਰਿਹਾ ਏਂ ਕੀ ਉਹਨਾਂ ਨੂੰ ਪੀੜ ਨਹੀਂ ਹੋਈ। ਤਦ ਆਪ ਨੇ ਲੱਕੜ ਦੀ ਰੋਟੀ ਬਣਾ ਕੇ ਗਲ ਵਿੱਚ ਪਾ ਲਈ ਅਤੇ ਉਸ ਨੂੰ ਚੱਕ ਮਾਰ ਲੈਂਦੇ ਸਨ। ਕਈ ਜੀਵ ਕਹਿੰਦੇ ਹਨ ਕਿ ਇੰਝ ਲੱਕੜ ਦੀ ਰੋਟੀ ਨੂੰ ਚੱਕ ਮਾਰਨ ਨਾਲ ਗੁਜਾਰਾ ਨਹੀਂ ਹੋ ਸਕਦਾ ਪਰ ਐਸਾ ਨਹੀਂ ਹੈ। ਜਿਸ ਜੀਵ ਦੇ ਅੰਦਰ ਨਾਮ ਦਾ ਰਸ ਆ ਜਾਂਦਾ ਹੈ ਉਸ ਦੀ ਭੁੱਖ ਮਿਟ ਜਾਂਦੀ ਹੈ। ਫੇਰ ਉਹ ਬਾਰਾਂ ਸਾਲ ਉਸ ਰੋਟੀ ਨੂੰ ਚੱਕ ਮਾਰਦੇ ਰਹੇ ਅਤੇ ਫੁਰਮਾਨ ਕੀਤਾ ਕਿ

*ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥*
*ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥ ੨੮॥*

*(ਅੰਗ 1379)*

ਫੇਰ ਬਾਰਾਂ ਸਾਲ ਆਪ ਤਪੱਸਿਆ ਕਰਨ ਬੈਠੇ ਰਹੇ ਅਤੇ ਆਪ ਦੇ ਸਰੀਰ ਵਿੱਚ ਕਾਂ ਵੀ ਠੂੰਗੇ ਮਾਰਦੇ ਰਹੇ। ਤਦ ਆਪਨੇ ਫੁਰਮਾਨ ਕੀਤਾ ਕਿ

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥*
*ਅਜੈ ਸੁ ਰਬੁ ਨ ਬਹੁੜਿਓ ਦੇਖੁ ਬੰਦੇ ਕੇ ਭਾਗ॥ ੯੦॥*

*(ਅੰਗ 1382)*

ਉਹਨਾਂ ਨੇ ਪ੍ਰਮਾਤਮਾ ਨੂੰ ਨਹੀਂ ਕੋਸਿਆ ਸਗੋਂ ਫੁਰਮਾਨ ਕੀਤਾ ਕਿ ਮੇਰੇ ਭਾਗਾਂ ਵਿੱਚ ਕਮੀ ਹੈ ਜਿਸ ਕਰਕੇ ਅਜੇ ਤੱਕ ਮੈਨੂੰ ਮਾਲਿਕ ਦੀ ਬਖਸ਼ਿਸ਼ ਨਹੀਂ ਹੋਈ। ਉਹਨਾਂ ਨੇ ਮਾਲਿਕ 'ਤੇ ਦੋਸ਼ ਨਹੀਂ ਕੱਢਿਆ। ਪਰ ਅਸੀਂ ਜੀਵ ਆਪਣੇ ਆਪ ਨੂੰ ਕਦੇ ਵੀ ਵੀਚਾਰਦੇ ਜਾਂ ਘੋਖਦੇ ਨਹੀਂ ਹਾਂ ਕਿ ਸਾਡੇ ਵਿੱਚ ਕੀ ਕਮੀ ਹੈ ਪਰ ਮਾਲਿਕ 'ਚ ਦੋਸ਼ ਕੱਢਦੇ ਹਾਂ। ਕਿਤੇ ਹਜ਼ੂਰ ਨੇ ਫੁਰਮਾਨ ਕੀਤਾ ਹੈ ਕਿ

*ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ॥*
*ਜਿਤੁ ਪਿੰਡਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥ ੯੨॥*

*(ਅੰਗ 1382)*

ਕਿਤੇ ਲਿਖਿਆ ਹੈ ਕਿ

*ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥ ੯੧॥*

*(ਅੰਗ 1382)*

ਮੇਰਾ ਸਾਰਾ ਸਰੀਰ ਖਾ ਲਵੋ ਪਰ ਅੱਖਾਂ ਨਾ ਖਾਇਓ ਕਿਉਂਕਿ ਮੈਨੂੰ ਆਸ ਹੈ ਕਿ ਮਾਲਿਕ ਮੈਨੂੰ ਜ਼ਰੂਰ ਹੀ ਦਰਸ਼ਨ ਦੇਣਗੇ। ਫੇਰ ਆਪ ਬਾਰਾਂ ਸਾਲਪੈਰਾਂ ਨਾਲ ਸੰਗਲ ਬੰਨ੍ਹ ਕੇ ਖੂਹ ਵਿੱਚ ਲਟਕੇ ਰਹੇ। ਅਯਾਲੀ ਨੇ ਪੁੱਛਿਆ ਕਿ ਇਹ ਇੰਝ ਕਿਉਂ ਲਟਕੇ ਹਨ ਤਦ ਕਿਸੇ ਨੇ ਦੱਸਿਆ ਕਿ ਇੰਝ ਰੱਬ ਮਿਲ ਪੈਂਦਾ ਹੈ। ਉਸ ਅਯਾਲੀ ਨੇ ਬੇੜ ਵੱਟਿਆ ਅਤੇ ਜਦੋਂ ਗਿੱਟੇ ਨੂੰ ਪਾ ਕੇ ਲਟਕਣ ਲੱਗਾ ਤਾਂ ਪ੍ਰਭੂ ਸਾਖਿਆਤ ਪ੍ਰਗਟ ਹੋ ਗਏ ਅਤੇ ਕਹਿਣ ਲੱਗੇ ਪੁੱਤਰ! ਇਹ ਕੀ ਕਰਨ ਲੱਗਾ ਏਂ? ਉਸ ਨੇ ਕਿਹਾ ਕਿ ਮੈਂ ਸੁਣਿਆ ਹੈ ਇੰਝ ਪੁੱਠੇ ਲਟਕਣ ਨਾਲ ਪ੍ਰਭੂ ਮਿਲ ਪੈਂਦੇ ਹਨ। ਭਗਵਾਨ ਕਹਿਣ ਲੱਗੇ ਨਾ ਪੁੱਤਰ ਇੰਝ ਡਿੱਗ ਜਾਵੇਂਗਾ। ਉਹ ਕਹਿਣ ਲੱਗਾ ਇਹ ਵੀ ਤਾਂ ਲਟਕੇ ਹਨ। ਭਗਵਾਨ ਕਹਿਣ ਲੱਗੇ ਇਸ ਨੂੰ ਡਰ ਸੀ ਕਿ ਮੈਂ ਡਿੱਗ ਨਾ ਪਵਾਂ ਇਸ ਕਰਕੇ ਇਸ ਨੇ ਆਪਣੇ ਆਪ ਨੂੰ ਸੰਗਲਾਂ ਨਾਲ ਬੰਨ੍ਹਿਆ ਹੋਇਆ ਹੈ ਪਰ ਤੂੰ ਘਾਹ ਦਾ ਬੇੜ ਵੱਟ ਕੇ ਭੋਲੇ ਭਾਅ ਗਿੱਟੇ ਨੂੰ ਬੰਨ੍ਹ ਲੈਣ ਲੱਗਾ ਏਂ ਤੂੰ ਡਿਗ ਪਵੇਂਗਾ। ਅਸੀਂ ਹੀ ਭਗਵਾਨ ਹਾਂ ਅਸੀਂ ਤੈਨੂੰ ਬਖਸ਼ਿਆ। ਅਯਾਲੀ ਨੇ ਬੇਨਤੀ ਕੀਤੀ ਕਿ ਜਿਸ ਦੀ ਪ੍ਰੇਰਨਾ ਸਦਕਾ ਮੈਂ ਲਟਕਣ ਲੱਗਾ ਸੀ ਪਹਿਲਾਂ ਉਸ ਨੂੰ ਬਖਸ਼ੋ। ਇੰਝ ਅਯਾਲੀ ਦੇ ਬੇਨਤੀ ਕਰਨ 'ਤੇ ਭਗਵਾਨ ਨੇ ਸ਼ੇਖ ਫਰੀਦ ਜੀ ਉੱਪਰ ਬਖਸ਼ਿਸ਼ ਕੀਤੀ। ਜਦੋਂ ਸ਼ੇਖ ਫਰੀਦ ਸਾਹਿਬ ਜੀ ਵਾਪਸ ਤੁਰੇ ਜਾ ਰਹੇ ਸਨ ਤਾਂ ਉਹਨਾਂ ਨੇ ਸੋਚਿਆ ਕਿ ਦੇਖਾਂ ਭਲਾ ਮੇਰੇ ਵਿੱਚ ਸ਼ਕਤੀ ਆਈ ਹੈ ਜਾਂ ਨਹੀਂ? ਰਸਤੇ ਵਿੱਚ ਚਿੜੀਆਂ ਦੀ ਡਾਰ ਬੈਠੀ ਸੀ। ਆਪ ਕਹਿਣ ਲੱਗੇ ਚਿੜੀਓ ਮਰ ਜਾਵੋ। ਚਿੜੀਆਂ ਮਰ ਗਈਆਂ। ਫੇਰ ਕਹਿਣ ਲੱਗੇ ਚਿੜੀਓ, ਜਿਉ ਪਵੋ। ਤਦ ਚਿੜੀਆਂ ਜੀਵਿਤ ਹੋ ਕੇ ਉੱਡ ਗਈਆਂ। ਬੜੀ ਖੁਸ਼ੀ ਹੋਈ ਕਿ ਮੈਂ ਹੁਣ ਕਰਾਮਾਤੀ ਬਣ ਗਿਆ ਹਾਂ। ਮੈਨੂੰ ਹੁਣ ਕੌਣ ਪੁੱਛ ਸਕਦਾ ਹੈ।

ਰਸਤੇ ਵਿੱਚ ਬੀਬੀ ਰੰਗ ਰੱਤੜੀ ਖੂਹ ਵਿਚੋਂ ਪਾਣੀ ਕੱਢ ਕੱਢ ਕੇ ਡੋਲ੍ਹੀ ਜਾ ਰਹੀ ਸੀ। ਆਪ ਉਸ ਨੂੰ ਕਹਿਣ ਲੱਗੇ ਭੈਣ, ਮੈਨੂੰ ਪਾਣੀ ਪਿਆ ਦੇ। ਉਹ ਕਹਿਣ ਲੱਗੀ ਚੁੱਪ ਕਰਕੇ ਬੈਠ ਜਾ। ਬਾਅਦ ਵਿੱਚ ਪਿਆਉਂਦੀ ਹਾਂ। ਆਪ ਕਹਿਣ ਲੱਗੇ ਪਾਣੀ ਪਿਆ ਦੇ ਵਰਨਾ....। ਉਸ ਬੀਬੀ ਨੇ ਕਿਹਾ ਵਰਨਾ ਕੀ, ਇਹ ਚਿੜੀਆਂ ਨਹੀਂ ਜੋ ਮਰ ਜਾਣਗੀਆਂ ਜਾਂ ਜੀਵਿਤ ਹੋ ਜਾਣਗੀਆਂ ? ਆਪ ਹੈਰਾਨ ਹੋ ਗਏ ਕਿ ਮੈਨੂੰ ਛੱਤੀ ਸਾਲ ਭਗਤੀ ਕਰਦੇ ਨੂੰ ਹੋ ਗਏ ਹਨ ਪਰ ਇਸ ਨੂੰ ਕਿਵੇਂ ਪਤਾ ਲੱਗਾ ਕਿ ਮੈਂ ਚਿੜੀਆਂ ਮਾਰ ਕੇ ਅਤੇ ਜਿਵਾ ਕੇ ਆਇਆ ਹਾਂ। ਆਪ

ਚੁੱਪ ਕਰਕੇ ਬੈਠ ਗਏ। ਜਦੋਂ ਬੀਬੀ ਪਾਨੀ ਪਿਆਉਣ ਲੱਗੀ ਤਾਂ ਆਪ ਕਹਿਣ ਲੱਗੇ ਕਿ ਭੈਣ! ਮੈਨੂੰ ਪਹਿਲਾਂ ਦੱਸ ਕਿ ਤੇਰੇ ਉੱਪਰ ਬਖਸ਼ਿਸ਼ ਕਿਵੇਂ ਹੋਈ ਹੈ ? ਉਹ ਕਹਿਣ ਲੱਗੀ ਕਿ ਜਦੋਂ ਮੈਂ ਨਵੀਂ ਵਿਆਹੀ ਆਈ ਤਾਂ ਮੇਰੇ ਪਤੀ ਨੇ ਪਾਨੀ ਮੰਗਿਆ। ਜਦੋਂ ਮੈਂ ਪਾਨੀ ਲੈ ਕੇ ਆਈ ਤਾਂ ਮੇਰਾ ਪਤੀ ਸੌਂ ਚੁੱਕਾ ਸੀ। ਮੈਂ ਸਾਰੀ ਰਾਤ ਪਾਨੀ ਦਾ ਛੰਨਾ ਲੈ ਕੇ ਖੜੀ ਰਹੀ ਕਿ ਫੇਰ ਕਦੋਂ ਪਾਨੀ ਮੰਗੇ ਅਤੇ ਮੈਂ ਦੇ ਦੇਵਾਂ। ਜਦੋਂ ਤੜਕਸਾਰ ਉਸ ਨੇ ਫੇਰ ਪਾਨੀ ਕਿਹਾ ਤਾਂ ਮੈਂ ਫੱਟ ਛੰਨਾ ਫੜਾ ਦਿੱਤਾ। ਪਤੀ ਪੁੱਛਣ ਲੱਗਾ ਕਿ ਤੂੰ ਤਾਂ ਨਵੀਂ ਵਿਆਹੀ ਆਈ ਏਂ, ਤੈਨੂੰ ਪਾਨੀ ਬਾਰੇ ਪਤਾ ਨਹੀਂ ਕਿ ਕਿੱਥੇ ਹੈ ਫੇਰ ਤੂੰ ਐਨੀ ਜਲਦੀ ਪਾਨੀ ਕਿਵੇਂ ਲੈ ਆਈ? ਮੈਂ ਕਿਹਾ ਕਿ ਤੁਸੀਂ ਰਾਤੀ ਵੀ ਪਾਨੀ ਮੰਗਿਆ ਸੀ ਮੈਂ ਉਦੋਂ ਦੀ ਪਾਨੀ ਲੈ ਕੇ ਖੜੀ ਹਾਂ। ਤਦ ਉਸ ਦਾ ਪਤੀ ਕਹਿਣ ਲੱਗਾ ਓ ਸੱਚਿਆ ਪਾਤਿਸ਼ਾਹ! ਮੈਨੂੰ ਇੱਦਾਂ ਦੀ ਪਤਨੀ ਬਖਸ਼ੀ ਹੈ। ਤੁਸੀਂ ਮੇਰੇ ਉੱਪਰ ਬਖਸ਼ਿਸ਼ ਕਰੋ ਜਾਂ ਨਾ ਕਰੋ ਪਰ ਮੇਰੀ ਪਤਨੀ ਉੱਪਰ ਬਖਸ਼ਿਸ਼ ਜਰੂਰ ਕਰਿਓ। ਉਸ ਤੋਂ ਬਾਅਦ ਪਤੀ ਨੂੰ ਪ੍ਰਮੇਸਰ ਕਿਹਾ ਜਾਂਦਾ ਹੈ। ਜੋ ਲੜਕੀਆਂ ਪਤੀ ਬ੍ਰਤਾ ਹਨ

*ਪਤੀ ਬਰਤਾ ਪਤੀ ਬਰਤ ਠਾਨੇ।*

*ਦੁਤੀਆ ਪੁਰਸ਼ ਸੁਪਨੇ ਨਹੀਂ ਮਾਨੇ।*

ਗੁਰਸਿੱਖਾਂ ਨੂੰ ਗੁਰਬਾਨੀ ਤੋਂ ਬਗੈਰ ਸੁਪਨੇ ਵਿੱਚ ਵੀ ਕਿਸੇ ਜਗ੍ਹਾ ਵੱਲ ਦੇਖਣਾ ਨਹੀਂ ਚਾਹੀਦਾ। ਫੇਰ ਬੀਬੀ ਰੰਗ ਰਤੜੀ ਨੇ ਦੱਸਿਆ ਕਿ ਮੇਰੀ ਭੈਣ ਦੇ ਘਰ ਨੂੰ ਅੱਗ ਲੱਗੀ ਹੋਈ ਸੀ। ਮੈਂ ਪਾਨੀ ਇੱਥੇ ਡੋਲ੍ਹ ਰਹੀ ਸੀ ਅਤੇ ਅੱਗ ਉਥੇ ਬੁਝ ਰਹੀ ਸੀ।

ਅਸੀਂ ਵੀ ਆਪਣੇ ਹਜ਼ੂਰ ਦੇ ਦਰਬਾਰ ਵਿੱਚ ਐਸਾ ਵਾਕਿਆ ਦੇਖਿਆ ਸੀ ਬਿਹਾਰ, ਰਾਂਚੀ ਵਾਲੇ ਪਾਸੇ ਕਿਤੇ ਅੱਗ ਲੱਗੀ ਅਤੇ ਹਜ਼ੂਰ ਇਥੇ ਹੀ ਆਪਣੇ ਸਿਰ ਵਿੱਚ ਪਾਨੀ ਪੁਆਈ ਜਾਣ ਅਤੇ ਅੱਗ ਉਥੇ ਬੁਝਦੀ ਗਈ।

ਫੇਰ ਸ਼ੇਖ ਫਰੀਦ ਸਾਹਿਬ ਜੀ ਨਿਰਾਸ ਹੋਏ ਤੁਰੇ ਜਾ ਰਹੇ ਸਨ ਅਤੇ ਸੋਚ ਰਹੇ ਸਨ ਕਿ ਮੈਂ ਸੰਤਾਂ ਦੀ ਸੰਗਤ ਕਰਾਂ ਜਾਂ ਨਾਂ ਕਰਾਂ। ਅੱਗਿਓਂ ਇੱਕ ਬੀਬੀ ਆ ਰਹੀ ਸੀ। ਜਿੱਧਰ ਨੂੰ ਉਹ ਬੀਬੀ ਹੋਵੇ ਆਪ ਸੋਚਾਂ ਵਿੱਚ ਪਏ ਉੱਧਰ ਨੂੰ ਹੀ ਹੋ ਜਾਣ। ਤਦ ਉਹ ਬੀਬੀ ਕਹਿਣ ਲੱਗੀ ਬਾਬਾ, ਇੱਕ ਪਾਸੇ ਮਰ। ਇੱਧਰ ਮਰ ਜਾਂ ਓਧਰ ਮਰ। ਤੂੰ ਡਾਵਾਂਡੋਲ ਕਿਉਂ ਫਿਰ ਰਿਹਾ ਏਂ? ਤਦ ਉਹਨਾਂ ਨੂੰ ਕਿਸੇ ਨੇ ਕਿਹਾ ਕਿ ਕਿਸੇ ਪੀਰ ਸਾਂਈ ਕੋਲ ਜਾਵੋ ਜਿਸ ਉੱਪਰ ਬਖਸ਼ਿਸ਼ ਹੋਵੇ।

ਫਿਰ ਆਪ ਨੇ ਕੁਤੁਬ-ਉਦ-ਦੀਨ ਸਾਹਿਬ ਜੀ ਦੀ ਸੰਗਤ ਕੀਤੀ। ਉਹਨਾਂ ਨੇ ਆਪ ਦੀ ਪਰਖ ਲੈਣ ਲਈ ਆਪਣੀ ਧੂਣੀ ਦੀ ਅੱਗ ਬੁਝਾ ਦਿੱਤੀ ਅਤੇ ਆਪ ਨੂੰ ਕਿਹਾ ਕਿ ਵੇਸਵਾ ਦੇ ਘਰੋਂ ਅੱਗ ਲੈ ਕੇ ਆਓ। ਜਦੋਂ ਉਥੇ ਜਾ ਕੇ ਅੱਗ ਮੰਗੀ ਤਾਂ ਵੇਸਵਾ ਕਹਿਣ ਲੱਗੀ ਕਿ ਇੱਕ ਆਨਾ ਚਾਹੀਦਾ ਹੈ। ਆਪਨੇ ਜੇਬ ਵਿਚੋਂ ਪੈਸੇ ਕੱਢ ਕੇ ਦਿੱਤੇ ਤਾਂ ਵੇਸਵਾ ਨੇ ਕਿਹਾ ਕਿ ਇਹ ਆਨਾ ਨਹੀਂ ਮੈਨੂੰ ਤਾਂ ਅੱਖ ਦਾ ਆਨਾ ਚਾਹੀਦਾ ਹੈ। ਤਦ ਆਪਨੇ ਉਸੇ ਵਕਤ ਅੱਖ ਵਿੱਚ ਉਂਗਲ ਪਾ ਕੇ ਆਨਾ ਕੱਢ ਕੇ ਉਸ ਦੇ ਹੱਥ ਉੱਪਰ ਰੱਖ ਦਿੱਤਾ। ਫੇਰ ਆਪਣੀ ਅੱਖ ਉਪਰ ਕੱਪੜਾ ਰੱਖ ਕੇ ਘੁੱਟ ਕੇ ਅੱਖ ਬੰਨ੍ਹ ਲਈ। ਜਦੋਂ ਵਾਪਸ ਆ ਕੇ ਪਾਨੀ ਗਰਮ ਕਰਕੇ ਮੁਰਸ਼ਦ ਨੂੰ ਨਵਾਉਣ ਲੱਗੇ ਤਾਂ ਉਹਨਾਂ ਨੇ ਪੁੱਛਿਆ ਪੁੱਤਰ! ਅੱਖ ਉੱਪਰ ਪੱਟੀ ਕਿਉਂ ਬੱਧੀ ਹੈ? ਸਾਰੇ ਧਿਆਨ ਨਾਲ ਸੁਣੋ ਕਿ ਜਦੋਂ ਬੱਚੇ ਦੀ ਅੱਖ ਦੁਖਦੀ ਹੋਵੇ ਤਾਂ ਕੋਈ ਵੀ ਮਾਂ ਇਹ ਨਹੀਂ ਕਹਿੰਦੀ ਕਿ ਇਸ ਦੀ ਅੱਖ ਦੁਖਦੀ ਹੈ। ਉਹ ਇਹੋ ਕਹਿੰਦੀ ਹੈ ਕਿ ਇਸ ਦੀ ਅੱਖ ਆਈ ਹੈ। ਜਦੋਂ ਕੁਤੁਬ-ਉਦ-ਦੀਨ ਸਾਹਿਬ ਜੀ ਨੇ ਪੁੱਛਿਆ ਕਿ ਪੁੱਤਰ! ਕੀ ਗੱਲ ਹੈ ਤਾਂ ਆਪਨੇ ਕਿਹਾ ਕਿ ਇਹ ਅੱਖ ਆ ਗਈ ਹੈ। ਤਦ ਉਹਨਾਂ ਨੇ ਕਿਹਾ ਪੁੱਤਰ! ਅਗਰ ਅੱਖ ਆ ਗਈ ਹੈ ਤਾਂ ਪੱਟੀ ਖੋਹਲ ਦੇ। ਜਦੋਂ ਆਪ ਨੇ ਪੱਟੀ ਖੋਹਲੀ ਤਾਂ ਅੱਖ ਨੌ-ਬਰ-ਨੌ ਸੀ। ਤਦ ਸ਼ੇਖ ਫਰੀਦ ਸਾਹਿਬ ਜੀ ਨੇ ਦੁਹਾਈ ਪਾਈ ਜਿਸ ਦੀ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਪ੍ਰੋੜਤਾ ਕੀਤੀ ਕਿ

*॥ ਮਹਲਾ ੫ ॥*

*ਫਰੀਦਾ ਭੂੰਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥*

*ਜੋ ਜਨ ਪੀਰਿ ਨਿਵਾਜਿਆ ਤਿੰਨ੍ਾ ਅੰਚ ਨ ਲਾਗ॥ ੮੨॥*

*(ਅੰਗ 1382)*

ਜੋ ਜੀਵ ਦੇਹ ਰੂਪੀ ਸਤਿਗੁਰ ਜਾਂ ਮੁਰਸ਼ਦ ਜਿਸ ਉੱਪਰ ਬਖਸ਼ਿਸ਼ ਹੋਈ ਹੋਵੇ ਉਸ ਦੀ ਸੰਗਤ ਕਰਦਾ ਹੈ ਉਸ ਨੂੰ ਆਂਚ ਨਹੀਂ ਆ ਸਕਦੀ।

ਇਸ ਹੁਕਮਨਾਮੇ ਵਿੱਚ ਸ਼ੇਖ ਫਰੀਦ ਸਾਹਿਬ ਜੀ ਫੁਰਮਾਉਂਦੇ ਹਨ ਕਿ ਜੋ ਜੀਵ ਉਸ ਮਾਲਿਕ ਨੂੰ ਦਿਲੋਂ ਚੇਤੇ ਕਰਦੇ ਹਨ ਸਿਰਫ਼ ਉਹ ਹੀ ਸੱਚੇ ਹਨ।

**ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥**

*ਬਗਲ ਮੇਂ ਛੁਰੀ ਮੂੰਹ ਮੇਂ ਰਾਮ ਰਾਮ।*

ਮਨ ਵਿੱਚ ਹੋਰ ਹੁੰਦਾ ਹੈ ਪਰ ਅਸੀਂ ਜੀਵ ਮੂੰਹੋਂ ਹੋਰ ਬੋਲਦੇ ਹਾਂ। ਅਸੀਂ ਆਪਣੇ ਆਪ ਨੂੰ ਸੱਚਾ ਗਿਣਨ ਵਾਸਤੇ ਸੱਚਿਆਂ ਨੂੰ ਝੂਠਾ ਕਹਿੰਦੇ ਹਾਂ। ਸਮਾਜਿਕ ਤੌਰ ਤੇ ਲੋਕਾਂ ਵਿੱਚ ਸਾਡੀ ਇਹ ਪ੍ਰੰਪਰਾ ਹੈ।

**ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥**

ਹਜ਼ੂਰ ਫੁਰਮਾਉਂਦੇ ਹਨ ਕਿ ਜੋ ਜੀਵ ਉਸ ਮਾਲਿਕ ਦੇ ਨਾਮ ਵਿੱਚ, ਖੁਦਾ ਦੇ ਇਸ਼ਕ ਵਿੱਚ ਰੰਗੇ ਜਾਂਦੇ ਹਨ ਉਹ ਇਸ ਤਰ੍ਹਾਂ ਨੱਚਦੇ ਹਨ ਜਿਸ ਤਰ੍ਹਾਂ ਬੁੱਲ੍ਹੇ ਸ਼ਾਹ ਆਪਣੇ ਸਤਿਗੁਰ ਦੇ ਪਿਆਰ

ਵਿੱਚ ਕੰਜਰੀ ਬਣ ਕੇ ਨੱਚਿਆ ਸੀ। ਬੁਲ੍ਹੇ ਸ਼ਾਹ ਦਾ ਸਯਦਾਂ ਦੇ ਘਰ ਦਾ ਜਨਮ ਸੀ। ਉਹਨਾਂ ਦੇ ਸਤਿਗੁਰ ਰਾਂਈ ਸਨ ਉਹਨਾਂ ਨੇ ਪਿੰਨੀਆਂ ਤੱਕ ਲੱਤਾਂ ਲਿਬੇੜ ਲਈਆਂ ਅਤੇ ਖੋਤੇ ਉੱਪਰ ਪਿਆਜ ਲੱਦ ਲਏ ਅਤੇ ਬੁਲ੍ਹੇ ਦੀ ਪਰਖ ਲੈਣ ਵਾਸਤੇ ਤੁਰ ਪਏ। ਮਾਲਿਕ ਕਿਸੇ ਦੀ ਪਰਖ ਨਾ ਲੈਣ ਕਿਉਂਕਿ ਪਰਖ ਦੇਣੀ ਬਹੁਤ ਮੁਸ਼ਕਲ ਹੈ। ਜਿੱਥੇ ਬੁਲ੍ਹੇ ਸ਼ਾਹ ਯਸ਼ ਕਰ ਰਹੇ ਸੀ ਉਥੇ ਜਾ ਕੇ ਉਹਨਾਂ ਨੇ ਹੋਕਾ ਦਿੱਤਾ ਕਿ ਲੈ ਲਓ ਗੰਢੇ। ਬੁਲ੍ਹੇ ਸ਼ਾਹ ਨੇ ਦੇਖਿਆ ਕਿ ਇਹ ਤਾਂ ਮੇਰੇ ਸਤਿਗੁਰ ਹਨ। ਉਹ ਸੋਚਣ ਲੱਗਾ ਕਿ ਅਗਰ ਮੈਂ ਉੱਠ ਕੇ ਮੱਥਾ ਟੇਕਦਾਂ ਹਾਂ ਤਾਂ ਲੋਕ ਕਹਿਣਗੇ ਕਿ ਇਸਦੇ ਇਹ ਸਤਿਗੁਰ ਹਨ? ਤਦ ਬੁਲ੍ਹੇ ਸ਼ਾਹ ਭੱਜ ਕੇ ਅੰਦਰ ਜਾ ਵੜਿਆ ਅਤੇ ਨਾਲ ਹੀ ਰਹਿਮਤ ਗਾਇਬ ਹੋ ਗਈ। ਫੇਰ ਬੁਲ੍ਹੇ ਸ਼ਾਹ ਨੇ ਦਾਹੜੀ ਕਟਾ ਲਈ, ਸਿਰ ਦੇ ਵਾਲ ਰੱਖ ਲਏ, ਕੰਜਰੀ ਬਣ ਕੇ ਮੁਰਸ਼ਦ ਦੇ ਅੱਗੇ ਜਾ ਕੇ ਨੱਚਿਆ ਅਤੇ ਬੋਲੀ ਪਾਈ

*ਤੇਰੇ ਪਿੱਛੇ ਮੈਨੂੰ ਸੱਜਣਾ*
*ਕਦੇ ਰੋਣਾ ਪਿਆ ਕਦੇ ਹੱਸਣਾ ਪਿਆ,*
*ਕਦੇ ਗਾਉਣਾ ਪਿਆ ਕਦੇ ਨੱਚਣਾ।*

ਉਸ ਦੇ ਸਤਿਗੁਰ ਪੁੱਛਣ ਲੱਗੇ ਤੂੰ ਬੁਲ੍ਹਾ ਏਂ? ਉਸ ਨੇ ਕਿਹਾ ਮੁਰਸ਼ਦ ਨਹੀ ਮੈਂ ਭੁੱਲਾ ਹਾਂ। ਉਹ ਕਹਿਣ ਲੱਗੇ ਟੇਕ ਮੱਥਾ। ਤਦ ਫੇਰ ਉਹ ਬਖਸ਼ਿਆ ਗਿਆ। ਜਦੋਂ ਬੁਲ੍ਹੇ ਸ਼ਾਹ ਨੇ ਆਪਣੇ ਮੁਰਸ਼ਦ ਦੀ ਸੰਗਤ ਕੀਤੀ ਤਾਂ

*ਬੁਲ੍ਹੇ ਨੂੰ ਸਮਝਾਵਣ ਆਈਆਂ ਭੈਣਾਂ ਅਤੇ ਭਰਜਾਈਆਂ।*

ਬੁੱਲਿਆ! ਤੇਰਾ ਪੀਰ ਤਾਂ ਰਾਈ ਸੁਣੀਂਦਾ

*ਅਸੀਂ ਸਯਦਾਂ ਦੀਆਂ ਜਾਈਆਂ।*
*ਬੁੱਲਿਆ ਤੂੰ ਸਾਨੂੰ ਲੀਕਾਂ ਲਾਈਆਂ।*

ਅੱਗਿਉਂ ਬੁਲ੍ਹੇ ਸ਼ਾਹ ਨੇ ਕਿਹਾ

*ਜਿਹੜਾ ਮੈਨੂੰ ਸਯਦ ਆਖੇ*
*ਉਹਨੂੰ ਦੋਜਖ ਮਿਲਣ ਸਜਾਈਆਂ।*
*ਜਿਹੜਾ ਮੈਨੂੰ ਰਾਈਂ ਆਖੇ*
*ਉਹਨੇ ਬਹਿਸ਼ਤੀਂ ਪੀਂਘਾ ਪਾਈਆਂ।*
*ਰਾਈਂ ਸਾਈਂ ਸਭਨੀ ਥਾਈਂ*
*ਉਸ ਦੀਆਂ ਬੇਪ੍ਰਵਾਹੀਆਂ।*

ਅਸੀਂ ਕਹਿੰਦੇ ਹਾਂ ਕਿ ਲੋਕਾਂ ਦਾ ਜਾਂ ਸਮਾਜ ਦਾ ਕਸੂਰ ਨਹੀਂ ਹੈ ਸਾਡੇ ਵਰਗੇ ਬਾਬਿਆਂ ਦਾ ਕਸੂਰ ਹੈ। ਉਹ ਮਹਾਂਪੁਰਸ਼, ਸੰਤ, ਬਾਬੇ ਬਣ ਜਾਂਦੇ ਹਨ ਪਰ ਸੱਚੇ ਇਨਸਾਨ ਨਹੀਂ ਬਣਦੇ, ਗੁਰਸਿੱਖ ਨਹੀਂ ਬਣਦੇ। ਇੱਕ ਦੀ ਗਲਤੀ ਕਾਰਨ ਸਾਰੇ ਬਦਨਾਮ ਹੁੰਦੇ ਹਾਂ। ਸੋਈ ਬਾਬੇ, ਸੰਤ ਅਤੇ ਮਹਾਂਪੁਰਸ਼ ਬਣਨਾ ਬਹੁਤ ਸਸੌਖਾ ਹੈ ਪਰ ਇੱਕ ਸੱਚਾ ਇਨਸਾਨ ਬਣਨਾ ਬਹੁਤ ਔਖਾ ਹੈ।

**ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ ॥**

ਹਜ਼ੂਰ ਫੁਰਮਾਉਂਦੇ ਹਨ ਕਿ ਜੋ ਜੀਵ ਰੱਬ ਦੇ ਨਾਮ ਨੂੰ ਭੁੱਲ ਜਾਂਦੇ ਹਨ ਉਹ ਜਮੀਨ ਤੇ ਭਾਰ ਹੁੰਦੇ ਹਨ, ਅਕ੍ਰਿਤਘਣ ਹੁੰਦੇ ਹਨ।

*ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ॥ ੮॥*

*(ਵਾਰ ੩੫ ਪਉੜੀ ੮)*

**ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥**

ਇੱਕ ਗੱਲ ਅਸੀਂ ਸਾਰਿਆਂ ਨੂੰ ਬੁਲੰਦ ਅਵਾਜ ਨਾਲ ਦੱਸ ਦਿੰਦੇ ਹਾਂ ਕਿ ਸ਼ੇਖ ਫਰੀਦ ਸਾਹਿਬ ਦਾ ਉਚਾਰਨ ਕੀਤਾ ਸਲੋਕ ਹੈ ਜਿਸ ਦੀ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਪ੍ਰੋੜਤਾ ਵੀ ਕੀਤੀ ਹੈ ਕਿ ਸਲੋਕ ਫਰੀਦ ਸਾਹਿਬ ਜੀ ਮਹਲਾ ੫॥ ਕਿ ਕੋਈ ਵੀ ਗੁਰਸਿੱਖ ਜਾਂ ਜੀਵ ਕਿਸੇ ਸੰਗਤ ਵਿੱਚ ਨਹੀਂ ਜਾ ਸਕਦਾ ਜਦ ਤੱਕ ਮਾਲਿਕ ਉਸ ਨੂੰ ਖਿੱਚ ਕੇ ਆਪਣੇ ਕੋਲ ਨਾ ਲਿਆਉਣ।

*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ॥ (ਅੰਗ 1218)*

ਹਜ਼ੂਰ ਫੁਰਮਾਉਂਦੇ ਹਨ ਕਿ ਮੈ ਮੂਰਖ, ਨੀਚ, ਨਿਕੰਮਾ ਅਤੇ ਅਨਜਾਨ ਸੀ ਪਰ ਮਾਲਿਕ ਨੇ ਮੈਨੂੰ ਕੰਨੋਂ ਫੜ ਕੇ ਗੁਰਬਾਣੀ ਵੱਲ ਤੋਰਿਆ। ਜਿਸ ਜੀਵ ਨੂੰ ਮਾਲਿਕ ਗੁਰਬਾਣੀ ਨਾਲ ਜੋੜਨ ਉਹੋ ਹੀ ਜੁੜ ਸਕਦਾ ਹੈ।

*ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ॥*
*ਤੂੰ ਆਪੇ ਮਨਮੁਖਿ ਜਨਮਿ ਭਵਾਇਹਿ॥*
*ਨਾਨਕ ਦਾਸ ਤੇਰੈ ਬਲਿਹਾਰੈ*
*ਸਭੁ ਤੇਰਾ ਖੇਲੁ ਦਸਾਹਰਾ ਜੀਉ॥ 4॥ (ਅੰਗ 97)*

ਇਸ ਕਰਕੇ ਹਮੇਸ਼ਾਂ ਤਰਲੇ ਪਾਵੋ ਕਿ ਸੱਚੇ ਪਾਤਿਸ਼ਾਹੋ! ਮੈਨੂੰ ਆਪਣੇ ਚਰਨਾਂ ਦਾ ਆਸਰਾ ਬਖਸ਼ੋ, ਮੈਨੂੰ ਗੁਰਬਾਣੀ ਦੀ ਸ਼ਰਨ ਬਖਸ਼ੋ।

**ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥**

ਜਿੰਨੇ ਵੀ ਰਾਗੀ ਢਾਡੀ ਹਨ ਜਾਂ ਜਿੰਨੇ ਵੀ ਸਾਧੂ ਹਨ ਉਹਨਾਂ ਦੇ ਪਿੱਛੇ ਉਹਨਾਂ ਦੀ ਮਾਂ ਦਾ ਹੱਥ, ਮਾਂ ਦੀ ਸਿੱਖਿਆ, ਮਾਂ ਦੇ ਦੁੱਧ ਦਾ ਅਸਰ ਹੋਵੇਗਾ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਲਾ ਦੇ ਜੋਰ ਜਿਹੜਾ ਮਾਂ ਦਾ ਦੁੱਧ ਪੀਤਾ ਈ। ਪਰ ਹੁਣ ਦੇ ਬੱਚੇ ਚੁਪਣੀਆਂ ਨਾਲ ਗਾਵਾਂ, ਮੱਝਾਂ, ਭੇਡਾਂ, ਬੱਕਰੀਆਂ ਦਾ ਦੁੱਧ ਪੀਂਦੇ ਹਨ ਉਹ ਜੋਰ ਕਿਥੋਂ ਲਾਉਣ ਅਤੇ ਮੁਕਾਬਲੇ ਕਿਵੇ ਕਰਨ? ਉਹ ਮਾਵਾਂ ਵੀ ਧੰਨ ਹਨ ਜੋ ਆਪਣੇ ਬੱਚਿਆਂ ਨੂੰ ਗੁਰਸਿੱਖੀ

ਵੱਲ, ਗੁਰਬਾਨੀ ਵੱਲ ਤੋਰਦੀਆਂ ਹਨ। ਐਸੀਆਂ ਮਾਵਾਂ ਦੇ ਪੈਰ ਚੁੰਮਣੇ ਚਾਹੀਦੇ ਹਨ।

**ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥**

ਸੱਚੇ ਪਾਤਿਸ਼ਾਹੋ! ਤੁਸੀਂ ਪਰਵਦਗਾਰ ਹੋ, ਅਗੰਮ, ਅਭੇਦ, ਅਛੇਦ ਹੋ। ਤੁਹਾਡੇ ਤੱਕ ਕੋਈ ਪਹੁੰਚ ਨਹੀਂ ਸਕਦਾ, ਤੁਹਾਡਾ ਕੋਈ ਭੇਦ ਨਹੀਂ ਜਾਣ ਸਕਦਾ, ਤੁਹਾਨੂੰ ਕੋਈ ਆਪ ਪ੍ਰਾਪਤ ਵੀ ਨਹੀਂ ਕਰ ਸਕਦਾ।

**ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥ ੩ ॥**

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਤੋਂ ਪਹਿਲਾਂ ਵੀ ਸੰਤਾਂ ਦੇ ਚਰਨ ਧੋ ਕੇ ਚਰਨ ਪਾਹੁਲ ਲੈਂਦੇ ਸਨ। ਫੇਰ ਹਜ਼ੂਰ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਕਿਉਂਕਿ ਸਮਾਜ ਵਿੱਚ ਬਹੁਤ ਕੁਰੀਤੀਆਂ ਆ ਚੁੱਕੀਆਂ ਸਨ ਉਹਨਾਂ ਕੁਰੀਤੀਆਂ ਨੂੰ ਖਤਮ ਕਰਨ ਲਈ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਐਸੀ ਕੌਮ ਦੀ ਸਿਰਜਣਾ ਕਰ ਦਿੱਤੀ।

**ਤੇਰੀ ਪਨਹ ਖੁਦਾਇ ਤੂ ਬਖਸੰਦਗੀ॥**

ਉਸ ਮਾਲਿਕ ਕੋਲ ਪਨਹ ਫੜੋ ਕਿ ਹਜ਼ੂਰ! ਅਸੀਂ ਥੱਕ ਟੁੱਟ ਚੁੱਕੇ ਹਾਂ, ਹਾਰ ਚੁੱਕੇ ਹਾਂ। ਸੱਚੇ ਪਾਤਿਸ਼ਾਹੋ! ਤੁਸੀਂ ਬਖਸ਼ਣਹਾਰ ਹੋ ਮੇਰੇ ਉਪਰ ਆਪਣੀ ਬਖਸ਼ਿਸ਼ ਕਰੋ। ਪਰ ਕੀ ਬਖਸ਼ਿਸ਼ ਕਰੋ ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

**ਸੇਖ ਫਰੀਦੈ ਖੈਰੁ ਦੀਜੈ ਬੰਦਗੀ॥ ੪ ॥ ੧ ॥**

ਸੱਚੇ ਪਾਤਿਸ਼ਾਹੋ! ਇਹ ਬਖਸ਼ਿਸ਼ ਕਰੋ ਕਿ ਮੇਰੀ ਝੋਲੀ ਵਿੱਚ ਬੰਦਗੀ ਦੀ ਖੈਰ ਪਾ ਦਿਓ। ਕਿਉਂਕਿ

*ਬੰਦਾ ਬੰਦਗੀ ਬਗੈਰ ਕਿਸੇ ਕੰਮ ਦਾ ਨਹੀਂ।*

ਮੇਰੇ ਉੱਪਰ ਇਹ ਮਿਹਰ ਅਤੇ ਬਖਸ਼ਿਸ਼ ਕਰੋ।

ਸੋਈ ਹਜ਼ੂਰ ਕਿਰਪਾ ਕਰਨ। ਨਵੇਂ ਸਾਲ ਦੇ ਆਗਮਨ ਦੀ ਖੁਸ਼ੀ ਵਿੱਚ ਸੰਗਤ ਨੇ ਅਖੰਡ ਪਾਠ ਕਰਵਾ ਕੇ ਯਸ਼ ਕਰਵਾਇਆ ਹੈ ਹਜ਼ੂਰ ਸਭ ਦੀਆਂ ਸ਼ੁਭ ਭਾਵਨਾਵਾਂ ਪੂਰੀਆਂ ਕਰਕੇ ਖੁਸ਼ੀਆਂ ਖੇੜੇ ਬਖਸ਼ਣ।

# ਸਤਿਸੰਗ

**ਦੇਵਗੰਧਾਰੀ ਮਹਲਾ ੫ ਘਰੁ ੨** **(ਅੰਗ 528)**

**ੴ ਸਤਿਗੁਰ ਪ੍ਰਸਾਦਿ॥**

**ਮਾਈ ਗੁਰ ਚਰਣੀ ਚਿਤੁ ਲਾਈਐ॥**

ਅੱਜ ਬਸੰਤ ਪੰਚਮੀ ਦਾ ਤਿਉਹਾਰ ਹੈ। ਸਾਰੀ ਸੰਗਤ ਨੂੰ ਬਸੰਤ ਪੰਚਮੀ ਦੀ ਲੱਖ ਲੱਖ ਵਧਾਈ ਹੋਵੇ। ਪੁਰਾਣੀ ਚਲੀ ਆ ਰਹੀ ਪ੍ਰੰਪਰਾ ਅਨੁਸਾਰ ਹਿੰਦੂ, ਸਿੱਖ, ਮੁਸਲਮਾਨ ਸਾਰੇ ਹੀ ਇਸ ਨੂੰ ਬਹੁਤ ਮੱਹਤਤਾ ਦਿੰਦੇ ਹਨ ਅਤੇ ਬੜੇ ਸ਼ੌਕ ਨਾਲ ਮਨਾਉਂਦੇ ਹਨ। ਇਸ ਦਿਨ ਪਤੰਗਾਂ ਚੜ੍ਹਾਈਆਂ ਜਾਂਦੀਆਂ ਸਨ। ਬਸੰਤ ਰਾਗ ਵਿੱਚ ਵੀ ਇਸ ਦਾ ਬਹੁਤ ਜਿਕਰ ਆਉਂਦਾ ਹੈ। ਬਾਬਾ ਬੁੱਢਾ ਜੀ ਦਾ ਰਮਦਾਸ ਵਿਖੇ ਸਥਾਨ ਹੈ। ਉਥੇ ਉਹਨਾਂ ਦੀ ਰਿਹਾਇਸ਼ ਸੀ। ਬਾਬਾ ਜੀ ਨੇ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਤੋਂ ਬਾਦ ਉਥੇ ਜਾ ਕੇ ਡੇਰਾ ਲਾਇਆ ਸੀ। ਬਾਬਾ ਜੀ ਨੇ ਦੂਸਰੀ ਪਾਤਿਸ਼ਾਹੀ ਤੋਂ ਲੈ ਕੇ ਛੇਵੀਂ ਪਾਤਿਸ਼ਾਹੀ ਤੱਕ ਗੁਰਿਆਈ ਦਾ ਤਿਲਕ ਵੀ ਲਾਇਆ ਸੀ। ਬਾਬਾ ਜੀ ਨੇ ਗੁਰੂ ਘਰ ਦੀ ਬਹੁਤ ਸੇਵਾ ਨਿਭਾਈ। ਰਮਦਾਸ ਵਿਖੇ ਇੱਕ ਬਾਬਾ ਬੁੱਢਾ ਜੀ ਦਾ ਤਲਾਅ (ਸਰੋਵਰ) ਹੈ। ਉਥੇ ਹਰ ਸੰਗ੍ਰਾਂਦ 'ਤੇ ਬਹੁਤ ਵੱਡਾ ਮੇਲਾ ਲੱਗਦਾ ਹੈ।

ਬਾਬਾ ਬੁੱਢਾ ਜੀ ਦੇ ਚੋਲਾ ਛੱਡਣ ਤੋਂ ਬਾਅਦ ਉਹਨਾਂ ਦੇ ਪਰਿਵਾਰ ਵਿਚੋਂ ਹੀ ਇੱਕ ਬੀਬੀ ਸੀ ਜਿਸ ਨੂੰ ਉਥੇ ਸੇਵਾ ਕਰਨ ਸਦਕਾ ਬ੍ਰਹਮ ਗਿਆਨੀ ਦੀ ਦਾਤ ਮਿਲੀ ਸੀ। ਉਸ ਦੇ ਬੇਟੇ ਉੱਪਰ ਵੀ ਬਖਸ਼ਿਸ਼ ਸੀ। ਇੱਕ ਦਿਨ ਉਥੋਂ ਦੀ ਇੱਕ ਕਾਫਲਾ ਜਾ ਰਿਹਾ ਸੀ। ਉਹ ਬੱਚਾ ਪੁੱਛੇ ਕਿ ਕਾਫ਼ਲੇ ਵਿੱਚ ਕੀ ਲੱਦਿਆ ਹੈ? ਕਾਫ਼ਲੇ ਵਾਲੇ ਕੁਝ ਨਾ ਦੱਸਣ। ਬੱਚੇ ਦੇ ਬਾਰ ਬਾਰ ਪੁੱਛਣ 'ਤੇ ਕਾਫ਼ਲੇ ਵਾਲੇ ਖਿਝ ਕੇ ਕਹਿਣ ਲੱਗੇ ਸੁਆਹ ਲੱਦੀ ਹੋਈ ਹੈ। ਉਹ ਬੱਚਾ ਕਹਿਣ ਲੱਗਾ ਚਲੋ, ਸੁਆਹ ਹੀ ਸਹੀ। ਜਦੋਂ ਉਸ ਕਾਫ਼ਲੇ ਵਾਲਿਆਂ ਨੇ ਆਪਣੇ ਟਿਕਾਣੇ 'ਤੇ ਪਹੁੰਚ ਕੇ ਦੇਖਿਆ ਤਾਂ ਉਹ ਗਿਰੀਆਂ ਮੇਵਿਆਂ ਦਾ ਕਾਫ਼ਲਾ ਸੁਆਹ ਬਣ ਗਿਆ ਸੀ। ਜਦੋਂ ਕਾਫ਼ਲੇ ਵਾਲਿਆਂ ਨੇ ਆ ਕੇ ਦੱਸਿਆ ਤਾਂ ਉਸ ਬੱਚੇ ਦੀ ਮਾਤਾ ਨੇ ਸੱਦ ਕੇ ਕਿਹਾ ਪੁੱਤਰ! ਤੂੰ ਹੁਣ ਕਰਾਮਾਤਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅਗਰ ਤੈਨੂੰ ਗੱਦੀ ਦੀ ਭੁੱਖ ਹੈ ਤਦ ਅਸੀਂ ਤੈਨੂੰ ਦੇ ਦਿੰਦੇ ਹਾਂ। ਪਰ ਉਹ ਬੱਚਾ ਜਿੱਥੇ ਅੱਜਕੱਲ ਤਲਾਅ ਬਣਿਆ ਹੈ ਉੱਥੇ ਚਾਦਰ ਲੈ ਕੇ

ਲੇਟ ਗਿਆ ਅਤੇ ਚੋਲਾ ਛੱਡ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਬਸੰਤ ਰੁਤ ਦੀ ਬਹੁਤ ਮਹੱਤਤਾ ਹੈ। ਆਮ ਤੌਰ ਤੇ ਮੁਹਾਵਰਾ ਵੀ ਪ੍ਰਚਲਤ ਹੈ ਕਿ

*ਆਈ ਬਸੰਤ ਪਾਲਾ ਉਡੰਤ।*

ਜਦੋਂ ਸਰਦੀ ਖਤਮ ਹੋ ਕੇ ਫੁੱਲਾਂ 'ਤੇ ਬਹਾਰ ਅਤੇ ਦਰੱਖਤਾਂ ਤੇ ਪੁੰਗਰਾਟਾ ਆਉਂਦਾ ਹੈ ਉਸ ਨੂੰ ਬਸੰਤ ਰੁੱਤ ਕਹਿੰਦੇ ਹਨ।

ਤੁਸੀਂ ਸਾਰੀ ਸੰਗਤ ਸੁਣ ਰਹੇ ਹੋ ਜੋ ਸੰਗਤ ਨਹੀਂ ਵੀ ਆਈ ਉਹਨਾਂ ਨੂੰ ਵੀ ਦੱਸ ਦੇਣਾ ਕਿ ਬਸੰਤ ਰੁਤ ਵਿੱਚ ਜਾਂ ਬਸੰਤ ਵਾਲੇ ਦਿਨ ਅਗਰ ਪਤੀ ਪਤਨੀ ਪਿਆਰ ਨਾਲ ਰਹਿੰਦੇ ਹਨ ਅਤੇ ਲੜਦੇ ਨਹੀਂ ਹਨ ਤਾਂ ਉਹਨਾਂ ਦਾ ਆਪਸ ਵਿੱਚ ਅਟੁੱਟ ਪਿਆਰ ਬਣ ਜਾਂਦਾ ਹੈ। ਮਾਂ ਪਿਉ ਬੱਚਿਆਂ ਨਾਲ ਅਤੇ ਬੱਚੇ ਮਾਂ ਪਿਉ ਨਾਲ ਪਿਆਰ ਕਰਦੇ ਹਨ, ਕੋਈ ਪਿਆਰੇ ਆਪਸ ਵਿੱਚ ਮਿਲਦੇ ਹਨ ਜਾਂ ਗੁਰੂ ਪਿਆਰੇ ਮਿਲਦੇ ਹਨ, ਭੈਣ ਭਰਾ ਮਿਲਦੇ ਹਨ ਇਹ ਸਾਰੇ ਬਸੰਤ ਨੂੰ ਮੁੱਖ ਰੱਖ ਕੇ ਇੱਕ ਦੂਸਰੇ ਨੂੰ ਵਧਾਈਆਂ ਦਿੰਦੇ ਹਨ ਅਤੇ ਪਿਆਰ ਦੀਆਂ ਗੱਲਾਂ ਕਰਦੇ ਹਨ ਫੇਰ ਉਹਨਾਂ ਦਾ ਪਿਆਰ ਅਟੁੱਟ ਅਤੇ ਬਹੁਤ ਹੀ ਵਧੀਆ ਬਣ ਜਾਂਦਾ ਹੈ, ਸਾਰੇ ਰੁੱਸੇ ਵੀ ਮੰਨ ਪੈਂਦੇ ਹਨ। ਸੋਈ ਹਜ਼ੂਰ ਕਿਰਪਾ ਕਰਨ ਸਾਰੀ ਦੇਸ਼ ਵਿਦੇਸ਼ ਦੀ ਸੰਗਤ ਨੂੰ ਇਸ ਬਸੰਤ ਪੰਚਮੀ ਦੀ ਲੱਖ ਲੱਖ ਵਧਾਈ ਹੋਵੇ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਇਸੇ ਪ੍ਰਥਾਇ ਹੁਕਮਨਾਮਾ ਆਇਆ ਹੈ ਕਿ ਸਮਾਜਿਕ ਤੌਰ 'ਤੇ ਅਤੇ ਭਗਤੀ ਮਾਰਗ ਵਿੱਚ ਪਿਆਰ ਕਿਵੇਂ ਵਧਦਾ ਹੈ? ਹਜ਼ੂਰ ਫੁਰਮਾਉਂਦੇ ਹਨ ਕਿ ਐ ਦੁਨੀਆਂ ਵਾਲਿਓ! ਉਸ ਪ੍ਰਭੂ ਨੂੰ ਮਾਤਾ ਪਿਤਾ ਜਾਂ ਜੋ ਮਰਜੀ ਕਹਿ ਕੇ ਪੁਕਾਰ ਲਵੋ ਕਿਉਂਕਿ

*ਗੁਰਦੇਵ ਮਾਤਾ ਗੁਰਦੇਵ ਪਿਤਾ*

*ਗੁਰਦੇਵ ਸੁਆਮੀ ਪਰਮੇਸੁਰਾ॥* (ਅੰਗ 262)

ਅਗਰ ਤੁਸੀਂ ਪਿਆਰ ਵਧਾਉਣਾ ਚਾਹੁੰਦੇ ਹੋ ਤਦ ਤੁਸੀਂ ਉਸ ਮਾਲਿਕ ਦੇ ਚਰਨਾਂ ਵਿੱਚ ਹੱਥ ਜੋੜ ਕੇ ਬੇਨਤੀ ਕਰੋ। ਫੇਰ ਜੋ ਮਿਲੇਗਾ ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

**ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ**

**ਸਦਾ ਸਦਾ ਹਰਿ ਧਿਆਈਐ॥ ੧॥ ਰਹਾਉ॥**

ਮਾਲਿਕ ਕਿਰਪਾ ਕਰਕੇ ਜੀਵ ਦੇ ਹਿਰਦੇ ਵਿੱਚ ਕਮਲ ਫੁੱਲ ਦਾ ਪ੍ਰਕਾਸ਼ ਕਰ ਦੇਣ।

*ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ॥*

*ਤੁਮ੍ਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ॥੧॥*

(ਅੰਗ 818)

ਹਜ਼ੂਰ ਹਿਰਦੇ ਵਿੱਚ ਪ੍ਰਕਾਸ਼ ਕਰ ਦੇਣਗੇ। ਫੇਰ ਐਸਾ ਨਹੀਂ ਕਿ ਪ੍ਰਕਾਸ਼ ਹੋਣ ਤੋਂ ਬਾਅਦ ਜੀਵ ਸਿਮਰਨ ਨਾ ਕਰੇ। ਸਗੋਂ ਜੀਵ ਨੂੰ ਸਦਾ ਸਦਾ ਉਸ ਮਾਲਿਕ ਨੂੰ ਧਿਆਉਣਾ ਚਾਹੀਦਾ ਹੈ। ਧਿਆਉਣਾ ਤੋਂ ਭਾਵ ਹੈ ਕਿ ਉਪਦੇਸ਼ ਦੇ ਸ਼ਬਦਾਂ ਨੂੰ ਜਿਹੜੇ ਸੰਤਾਂ ਨੇ ਉਪਦੇਸ਼ ਦਿੱਤਾ ਹੁੰਦਾ ਹੈ ਉਹਨਾਂ ਸੰਤਾਂ ਦੇ ਸਰੂਪ ਦਾ ਧਿਆਨ ਅੱਖਾਂ ਅੱਗੇ ਲਿਆ ਕੇ ਸ਼ਬਦਾਂ ਦਾ ਬਾਰ ਬਾਰ ਜਾਪ ਕਰਨਾ। ਇੰਝ ਕਰਨ ਨਾਲ ਸਾਰੀਆਂ ਖੁਸ਼ੀਆਂ ਦੀ ਪ੍ਰਾਪਤੀ ਹੁੰਦੀ ਹੈ।

**ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ॥**

ਚਾਹੇ ਬਾਹਰ ਦੇਖ ਲਵੋ ਜਾਂ ਸਿਮਰਨ ਕਰਕੇ ਅੰਦਰ ਦੇਖ ਲਵੋ ਹਰ ਥਾਂ ਉਹ ਇੱਕੋ ਤਾਕਤ ਹੀ ਵਿਆਪਕ ਹੈ। ਜਿੰਨੀ ਸੰਗਤ ਬੈਠੀ ਹੈ ਜਿਹੜੀ ਨਹੀਂ ਵੀ ਆਈ ਜਾਂ ਜੋ ਵਿਦੇਸ਼ਾਂ ਵਿੱਚ ਹੈ ਜਾਂ ਜਿਹੜੀ ਦੁਨੀਆਂ ਇਥੇ ਨਹੀਂ ਵੀ ਆਉਂਦੀ ਉਹ ਕਿਸੇ ਨਾ ਕਿਸੇ ਇਸ਼ਟ ਨੂੰ ਤਾਂ ਮੰਨਦੀ ਹੈ। ਜਦੋਂ ਜੀਵ ਹਰ ਘਟ ਵਿੱਚ ਮਾਲਿਕ ਨੂੰ ਦੇਖਣਗੇ ਫੇਰ ਸਾਰੀਆਂ ਖੁਸ਼ੀਆਂ ਮਿਲਦੀਆਂ ਹਨ।

**ਘਟਿ ਅਵਘਟਿ ਰਵਿਆ ਸਭ ਠਾਈ**

**ਹਰਿ ਪੂਰਨ ਬ੍ਰਹਮੁ ਦਿਖਾਈਐ॥੧॥**

ਜਿੱਥੇ ਚੁਰਾਸੀ ਲੱਖ ਜੂਨੀਆਂ ਹਨ ਉਹ ਘਟ ਹੈ ਪਰ ਜਿਥੇ ਕੋਈ ਜੂਨੀ ਨਹੀਂ ਹੈ ਉਜਾੜ ਬੀਆਬਾਨ ਹੈ, ਕੁਝ ਵੀ ਨਹੀਂ ਹੈ ਉਹ ਅਵਘਟ ਹੈ। ਮਾਲਿਕ ਘਟ ਅਤੇ ਅਵਘਟ ਦੋਵਾਂ ਥਾਵਾਂ 'ਤੇ ਵੱਸਦੇ ਹਨ।

**ਉਸਤਤਿ ਕਰਹਿ ਸੇਵਕ ਮੁਨਿ ਕੇਤੇ**

**ਤੇਰਾ ਅੰਤੁ ਨ ਕਤਹੂ ਪਾਈਐ॥**

ਜਦੋਂ ਤੋਂ ਦੁਨੀਆਂ ਬਣੀ ਹੈ, ਉਦੋਂ ਤੋਂ ਹੀ ਰਿਸ਼ੀ, ਮੁਨੀ, ਪੀਰ, ਪੈਗੰਬਰ ਉਸਤਤਿ ਕਰਦੇ ਆਏ ਹਨ। ਪਰ ਉਸ ਤਾਕਤ ਦਾ ਕਿਸੇ ਨੂੰ ਵੀ ਭੇਦ ਪਤਾ ਨਹੀਂ ਚੱਲਿਆ ਕਿ ਉਹ ਤਾਕਤ ਕਿੰਨੀ ਕੁ ਵੱਡੀ ਹੈ, ਕਿੰਨੀ ਉੱਚੀ ਸੁੱਚੀ ਹੈ?

**ਸੁਖਦਾਤੇ ਦੁਖ ਭੰਜਨ ਸੁਆਮੀ**

**ਜਨ ਨਾਨਕ ਸਦ ਬਲਿ ਜਾਈਐ॥੨॥੧॥**

ਉਹ ਸੁਆਮੀ ਤਾਕਤ ਸੁੱਖਾਂ ਦੀ ਦਾਤਾ ਅਤੇ ਦੁਖ ਨੂੰ ਖਤਮ

ਕਰਨ ਵਾਲੀ ਹੈ। ਸਾਨੂੰ ਉਸ ਤਾਕਤ ਦੀ ਹਮੇਸ਼ਾਂ ਸ਼ਰਨ ਵਿੱਚ ਰਹਿਣਾ ਚਾਹੀਦਾ ਹੈ ਕਿਉਂਕਿ

*ਜੇ ਲੋੜਹਿ ਸਦਾ ਸੁਖੁ ਭਾਈ॥*

*ਸਾਧੂ ਸੰਗਤਿ ਗੁਰਹਿ ਬਤਾਈ॥ (ਅੰਗ 1182)*

ਸੁਆਮੀ ਤਾਕਤ ਦੀ ਸੰਗਤ ਵਿੱਚ ਜਾਣ ਵਾਸਤੇ ਪਹਿਲਾਂ ਸਾਧੂ ਸੰਤਾਂ ਦੀ ਸੰਗਤ ਕਰਨੀ ਚਾਹੀਦੀ ਹੈ।

# ਸਤਿਸੰਗ

**ਵਡਹੰਸੁ ਮਹਲਾ ੪ ਛੰਤ (ਅੰਗ 572)**

**ੴ ਸਤਿਗੁਰ ਪ੍ਰਸਾਦਿ॥**

**ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਕਦੇ ਵੀ ਕਿਸੇ ਨੂੰ ਨਾ ਸਮਝਾਓ। ਹਮੇਸ਼ਾਂ ਆਪਣੇ ਮਨ ਨੂੰ ਸਮਝਾਓ ਕਿ ਐ ਮੇਰੇ ਮਨਾ! ਅਗਰ ਤੂੰ ਸਮਝ ਜਾਵੇਂਗਾ ਫੇਰ ਉਹ ਸਤਿਗੁਰ ਤੇਰੇ ਨਾਲ ਪ੍ਰੀਤ ਲਗਾ ਲੈਣਗੇ।

**ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ॥**

ਫੇਰ ਸਤਿਗੁਰ ਮੇਰੇ ਅੰਦਰ ਹਰੀ ਦੇ ਨਾਮ ਦਾ ਵਾਸਾ ਕਰ ਦੇਣਗੇ। ਜਦੋਂ ਉਸ ਦਾਤੇ ਨਾਲ ਪ੍ਰੀਤ ਲਗਾਵਾਂਗੇ ਫੇਰ ਅੰਦਰ ਹਰੀ ਦੇ ਨਾਮ ਦਾ ਵਾਸਾ ਹੋ ਜਾਵੇਗਾ।

**ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ**

**ਸਭਿ ਦੂਖ ਵਿਸਾਰਣਹਾਰਾ॥**

ਜਿਉਂ ਜਿਉਂ ਹਰੀ ਦੇ ਨਾਮ ਦਾ ਵਾਸਾ ਮਨ ਵਿੱਚ ਹੋ ਜਾਵੇਗਾ ਫੇਰ ਸਾਡੇ ਸਾਰੇ ਦੁਖ ਨਵਿਰਤ ਹੋ ਜਾਣਗੇ।

**ਵਡਭਾਗੀ ਗੁਰ ਦਰਸਨੁ ਪਾਇਆ**

**ਧਨੁ ਧਨੁ ਸਤਿਗੁਰੂ ਹਮਾਰਾ॥**

ਹਜ਼ੂਰ ਫੁਰਮਾਉਂਦੇ ਹਨ ਕਿ ਮੇਰੇ ਸਤਿਗੁਰ ਧੰਨ ਹਨ ਜਿਹਨਾਂ ਨੇ ਮੈਨੂੰ ਆਪਣੇ ਦਰਸ਼ਨ ਬਖਸ਼ੇ। ਜਿਹੜੇ ਸਾਧੂ ਸਾਹਮਣੇ ਸਾਖਿਆਤ ਦਿਸਦੇ ਹਨ ਅਗਰ ਉਹਨਾਂ ਦਾ ਭੇਦ ਅਤੇ ਦਰਸ਼ਨ ਅੰਦਰ ਪੇਖਣ ਨੂੰ ਮਿਲ ਜਾਣ ਫੇਰ ਉਸ ਸਾਧੂ ਦਾ ਧੰਨਵਾਦ ਕਰੋ। ਉਹਨਾਂ ਦੇ ਸਰੂਪ ਨੇ ਦਰਸ਼ਨ ਦੇ ਕੇ ਤੁਹਾਨੂੰ ਅੰਦਰ ਗਾਈਡ ਕਰਨਾ ਹੈ ਕਿ ਆਹ ਪਹਿਲੀ, ਦੂਸਰੀ ਜਾਂ ਕਿਸੇ ਹੋਰ ਪਾਤਿਸ਼ਾਹੀ ਦਾ ਸਰੂਪ ਹੈ ਜਾਂ ਇਹ ਫਲਾਣੇ ਸੰਤ ਹਨ।

**ਊਠਤ ਬੈਠਤ ਸਤਿਗੁਰੁ ਸੇਵਹ**

**ਜਿਤੁ ਸੇਵਿਐ ਸਾਂਤਿ ਪਾਈ॥**

ਫੇਰ ਜੀਵ ਦੇ ਮੰਨ ਵਿੱਚ ਰੀਝ ਆਵੇਗੀ ਕਿ ਮੈਨੂੰ ਉੱਠਦਿਆਂ, ਬੈਠਦਿਆਂ ਉਸ ਮਾਲਿਕ ਦਾ ਜਾਪ ਕਰਨਾ ਚਾਹੀਦਾ ਹੈ ਸੇਵਨਾ ਕਰਨੀ ਚਾਹੀਦੀ ਹੈ ਤਾਂਕਿ ਮੇਰੇ ਮਨ ਨੂੰ ਸ਼ਾਂਤੀ ਆਵੇ।

**ਮੇਰੈ ਮਨਿ ਮੇਰੈ ਮਨਿ ਸਤਿਗੁਰ ਪ੍ਰੀਤਿ ਲਗਾਈ॥੧॥**

ਹਜ਼ੂਰ ਚੌਥੇ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਬਾਰ ਬਾਰ ਆਪਣੇ ਮਨ ਨੂੰ ਸਮਝਾਵੋ

*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥*

*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥*

*(ਅੰਗ 463)*

ਤੈਨੂੰ ਹੋਰ ਕਿਸੇ ਨੇ ਵੀ ਚਿਤਾਉਣਾ ਨਹੀਂ ਹੈ। ਸਤਿਗੁਰ ਹੀ ਤੈਨੂੰ ਚੇਤਨਾ ਬਖਸ਼ਣਗੇ ਕਿ ਤੂੰ ਆਪਣੇ ਮਨ ਨੂੰ ਸਮਝਾ ਕਿ ਐ ਮਨਾ! ਤੂੰ ਸਤਿਗੁਰ ਨਾਲ ਪ੍ਰੀਤ ਕਰ ਫੇਰ ਤੈਨੂੰ ਸਾਰੀਆਂ ਖੁਸ਼ੀਆਂ ਅਤੇ ਖੇੜੇ ਮਿਲਣਗੇ।

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥

ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥

ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥

ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥

*(ਗੂਜਰੀ ਕੀ ਵਾਰ ਮਹਲਾ ੩ ॥ ਅੰਗ 510)*

# ਸਤਿਸੰਗ

**॥ ਸਲੋਕੁ ਮਃ ੧॥ (ਅੰਗ 594)**

**ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਨੂੰ ਸਿੱਖਿਆ ਬਖਸ਼ ਰਹੇ ਹਨ ਕਿ ਪਤੀ ਤੋਂ ਬਗੈਰ ਇਸਤਰੀ ਦੀ ਸੇਜ ਭੱਠੇ ਵਾਂਗ ਤਪਦੀ ਹੈ।

*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥*

*(ਅੰਗ 133)*

ਜਦੋਂ ਕੋਈ ਲੜਕੀ ਜਾਂ ਲੜਕਾ ਪੜ੍ਹਾਈ ਕਰਨ ਵਾਸਤੇ ਵਿਦੇਸ਼ ਜਾਂਦਾ ਹੈ ਉਥੇ ਪੜ੍ਹਾਈ ਤੋਂ ਬਾਅਦ ਪੀ.ਆਰ. ਲੈਣ ਜਾਂ ਪੱਕੇ ਹੋਣ ਵਾਸਤੇ ਚਾਰ, ਪੰਜ, ਛੇ ਸਾਲ ਲੱਗ ਜਾਂਦੇ ਹਨ। ਉਸ ਤੋਂ ਬਾਅਦ ਉਹ ਇੰਡੀਆ ਆ ਕੇ ਵਿਆਹ ਕਰਕੇ ਆਪਣੇ ਪਤੀ ਜਾਂ ਪਤਨੀ ਨੂੰ ਬਾਹਰ ਲਿਜਾ ਸਕਦੇ ਹਨ। ਕੁਝ ਦੇਸ਼ਾਂ ਵਿੱਚ ਸਪਾਉਸ ਦਾ ਵੀਜ਼ਾ ਵੀ ਨਾਲ ਹੀ ਲੱਗ ਜਾਂਦਾ ਹੈ। ਪਰ ਕਈ ਵਿਆਹ ਕਰਕੇ ਪੜ੍ਹਨ ਵਾਸਤੇ ਜਾਂਦੇ ਹਨ ਜਾਂ ਕਈਆਂ ਕੋਲ ਬਾਅਦ ਵਿੱਚ ਸਾਧਨ ਨਾ ਹੋਣ ਕਰਕੇ ਉਹ ਵੀ ਆਪਣੇ ਪਤੀ ਜਾਂ ਪਤਨੀ ਨੂੰ ਨਾਲ ਨਹੀਂ ਲਿਜਾ ਸਕਦੇ। ਇੰਝ ਅਲਗ ਰਹਿਣਾ ਵੀ ਬਹੁਤ ਵੱਡੀ ਤਪੱਸਿਆ ਹੈ, ਬਨਵਾਸ ਹੈ। ਪਰ ਜਿਹੜੇ ਬੱਚੇ ਇੰਝ ਮਿਹਨਤ ਕਰਕੇ ਬਾਹਰ ਜਾਂਦੇ ਹਨ ਉਹ ਬਹੁਤ ਕਾਮਯਾਬ ਹੁੰਦੇ ਹਨ। ਜੋ ਬੱਚੇ ਉਥੇ ਜੰਮਦੇ ਹਨ ਅਤੇ ਸਿਟੀਜਨ ਹੁੰਦੇ ਹਨ ਉਹਨਾਂ ਨੂੰ ਉਸ ਸਿਟੀਜਨਸ਼ਿਪ ਦੀ ਕਦਰ ਨਹੀਂ ਹੁੰਦੀ। ਲੇਕਿਨ ਇੱਥੋਂ ਜਾਣ ਵਾਲੇ ਬੱਚਿਆਂ ਨੇ ਮਿਹਨਤ ਕੀਤੀ ਹੁੰਦੀ ਹੈ ਅਤੇ ਉਹ ਸਿਟੀਜਨ ਬੱਚਿਆਂ ਨਾਲੋਂ ਅਗਾਂਹ ਲੰਘ ਜਾਂਦੇ ਹਨ। ਪੜ੍ਹਨ ਵਾਲੇ ਬੱਚੇ ਇਹ ਸੋਚਦੇ ਹਨ ਕਿ ਅਸੀਂ ਮਿਹਨਤ ਦੇ ਸਹਾਰੇ ਉੱਚੇ ਉੱਠਣਾ ਹੈ ਜਾਂ ਸਾਡੇ ਪਰਿਵਾਰ ਵਿੱਚ ਜੋ ਕਮੀ ਹੈ ਜਾਂ ਉਹਨਾਂ ਕੋਲ ਕਮਾਈ ਕਰਨ ਦਾ ਜੋ ਸਾਧਨ ਨਹੀਂ ਹੈ, ਜਮੀਨ ਨਹੀਂ ਹੈ ਜਾਂ ਟਰੈਕਟਰ ਨਹੀਂ ਹੈ ਜਾਂ ਮਕਾਨ ਨਹੀਂ ਹੈ ਉਸ ਕਮੀ ਨੂੰ ਪੂਰਾ ਕਰਨਾ ਹੈ। ਉਹਨਾਂ ਦੇ ਦਿਲ ਵਿੱਚ ਰੀਝਾਂ ਹੁੰਦੀਆਂ ਹਨ ਅਤੇ ਉਹਨਾਂ ਰੀਝਾਂ ਦਾ ਨਿਸ਼ਾਨਾ ਰੱਖ ਕੇ ਉਹ ਬੁਰੇ ਕੰਮਾਂ ਵੱਲ ਨਹੀਂ ਤੁਰਦੇ। ਕਮਾਈ ਕਰਦਿਆਂ ਹੋਇਆਂ ਉਸ ਨੂੰ ਗਲਤ ਕੰਮ ਬਾਰੇ ਸੋਚਣ ਦਾ ਮੌਕਾ ਨਹੀਂ ਮਿਲਦਾ।

ਹਜ਼ੂਰ ਫੁਰਮਾਉਂਦੇ ਹਨ ਕਿ ਜਿਹੜੀ ਲੜਕੀ ਨੂੰ ਐਸੀ ਮੁਸ਼ਕਲ ਆਉਂਦੀ ਹੈ ਉਹ ਬਹੁਤ ਤਰਲੇ ਪਾਉਂਦੀ ਹੈ ਕਿ ਮੈਂ ਇੱਥੇ ਬੈਠੀ ਹਾਂ ਅਤੇ ਮੇਰਾ ਪਤੀ ਬਾਹਰ ਬੈਠਾ ਹੈ। ਉਹ ਝੁਰਦੀ ਰਹਿੰਦੀ ਹੈ ਕਿ ਕਦੇ ਤਾਂ ਮਾਲਿਕ ਮੇਰੀ ਅਰਦਾਸ ਅਵੱਸ਼ ਸੁਣਨਗੇ। ਉਹਨਾਂ ਨੂੰ ਹੋਰ ਕੋਈ ਫਿਕਰ ਨਹੀਂ ਹੁੰਦੀ ਕਿ ਕੀ ਹੋ ਰਿਹਾ ਹੈ ਜਾਂ ਕੀ ਨਹੀ ਹੋ ਰਿਹਾ।

**ਮਿਲਦਿਆ ਢਿਲ ਨ ਹੋਵਈ**

**ਜੇ ਨੀਅਤਿ ਰਾਸਿ ਕਰੇ॥ ੧॥**

ਅਗਰ ਉਹ ਲੜਕੀ ਜਾਂ ਲੜਕਾ ਬੰਦਗੀ ਕਰਦਾ ਹੈ, ਪਾਠ ਪੂਜਾ ਕਰਦਾ ਹੈ, ਕੀਰਤਨ ਸੁਣਦਾ ਹੈ, ਕਥਾ, ਸਤਿਸੰਗ ਸੁਣਦਾ ਹੈ ਉਸ ਦੇ ਕੰਮ ਵਿੱਚ ਮਾਲਿਕ ਦੇਰੀ ਨਹੀਂ ਹੋਣ ਦਿੰਦੇ। ਸਾਡੀ ਸੰਸਥਾ ਨਾਲ ਜੁੜੀ ਗੁਰੂ ਦੀ ਸੰਗਤ ਵਿਚੋਂ ਵੀ ਲੜਕੀਆਂ ਲੜਕਿਆਂ ਨੇ ਵਿਜ਼ਿਟਰ ਵੀਜ਼ੇ ਵਾਸਤੇ ਅਪਲਾਈ ਕੀਤਾ ਅਤੇ ਉਹ ਰਿਫਿਊਜ਼ ਹੋ ਗਏ। ਉਹਨਾਂ ਨੇ ਆ ਕੇ ਸਾਨੂੰ ਦੱਸਿਆ ਅਸੀਂ ਕਿਹਾ ਕੋਈ ਗੱਲ ਨਹੀਂ ਆਪੇ ਮਾਲਿਕ ਕਿਰਪਾ ਕਰਨਗੇ। ਫੇਰ ਠੀਕ ਚੌਥੇ ਦਿਨ ਉਹਨਾਂ ਦਾ ਪੀ.ਆਰ. ਵੀਜਾ ਆ ਗਿਆ। ਉਹਨਾਂ ਨੂੰ ਵਿਜ਼ਿਟਰ ਵੀਜ਼ਾ ਲੈਣ ਦੀ ਜਰੂਰਤ ਹੀ ਨਹੀਂ ਪਈ ਕਿਉਂਕਿ ਉਹਨਾਂ ਉੱਪਰ ਮਾਲਿਕ ਦੀ ਰਹਿਮਤ ਦਾ ਹੱਥ ਸੀ ਇਸ ਕਰਕੇ ਉਹਨਾਂ ਦੇ ਸਾਰੇ ਕੰਮ ਸਰਲ ਤਰੀਕੇ ਨਾਲ ਹੱਲ ਹੋ ਗਏ।

**॥ ਮਃ ੧॥**

**ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੀਵ ਮਿੱਠੀਆਂ ਮਿੱਠੀਆਂ ਅਤੇ ਬਹੁਤ ਸਾਰੀਆਂ ਗੱਲਾਂ ਕਰਦੇ ਹਨ ਲੇਕਿਨ ਅੰਦਰ ਪ੍ਰੀਤ ਨਹੀਂ ਹੁੰਦੀ। ਗੁਰਬਾਣੀ ਵਿੱਚ ਦਰਜ ਹੈ ਕਿ

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥*
*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ ੧੨੭॥*

*(ਅੰਗ 1384)*

ਤਥਾ

*ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥*
*ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥*

ਅੱਗੇ ਲਿਖਦੇ ਹਨ ਕਿ

*ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥*
*ਸੀਸਿ ਨਿਵਾਇਐ ਕਿਆ ਥੀਐ*

*ਜਾ ਰਿਦੈ ਕੁਸੁਧੇ ਜਾਹਿ॥੧॥ (ਅੰਗ 470)*

ਜਿਸ ਤਰ੍ਹਾਂ ਬਗਲਾ ਅੱਖਾਂ ਮੀਟ ਮੀਟ ਕੇ ਮਛਲੀਆਂ ਨੂੰ ਖਾਈ ਜਾਂਦਾ ਹੈ ਇਸੇ ਤਰ੍ਹਾਂ ਬਹੁਤ ਸਾਰੇ ਐਸੇ ਜੀਵ ਹਨ ਜੋ ਦੂਸਰਿਆਂ ਨੂੰ ਮੂਰਖ ਬਣਾ ਕੇ ਆਪਣੇ ਆਪ ਨੂੰ ਸਿਆਣੇ ਸਮਝਦੇ ਹਨ। ਅਸੀਂ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਤੁਸੀਂ ਸਿਆਣੇ ਬਣੋ ਪਰ ਦੂਸਰਿਆਂ ਨੂੰ ਬੇਵਕੂਫ਼ ਨਾ ਬਣਾਓ।

*ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥*
*ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥ ੧॥*
*(ਅੰਗ 484)*

ਜਿਸ ਤਾਕਤ ਨੇ ਸਾਡੇ ਕੰਮ ਕਰਨੇ ਹਨ ਉਹ ਅੰਞਾਣੀ ਨਹੀਂ ਹੈ। ਉਸ ਨੂੰ ਸਭ ਪਤਾ ਹੈ ਕਿ ਜੋ ਜੀਵ ਅੱਖਾਂ ਮੀਟ ਕੇ ਬੇਨਤੀ ਕਰ ਰਿਹਾ ਹੈ ਉਸ ਦੇ ਦਿਲ ਵਿੱਚ ਕੀ ਹੈ। ਹਜ਼ੂਰ ਇਹ ਰਾਜ ਅਤੇ ਭੇਦ ਬਖਸ਼ ਰਹੇ ਹਨ ਕਿ ਐ ਜੀਵ! ਉਸ ਮਾਲਿਕ ਨੂੰ ਭੁਲੇਖੇ ਨਾ ਪਾ। ਉਹ ਸਭ ਕੁਝ ਜਾਣਦੇ ਹਨ।

**ਤਿਚਰੁ ਜਾਣੈ ਭਲਾ ਕਰਿ ਜਿਚਰੁ ਲੇਵੈ ਦੇਇ॥**

ਐਸਾ ਨਹੀਂ ਕਿ ਆਪਣੀ ਗਰਜ ਵਾਸਤੇ ਕਿਸੇ ਦੇ ਨਾਲ ਜੁੜ ਕੇ ਉਸ ਦਾ ਕੰਮ ਕਰੀ ਜਾਵੋ ਅਤੇ ਜਦੋਂ ਗਰਜ ਪੂਰੀ ਹੋ ਜਾਵੇ ਫੇਰ ਉਸ ਨੂੰ ਪੁੱਛੋ ਹੀ ਨਾ। ਜਦੋਂ ਅਸੀਂ ਕੋਈ ਗਰਜ ਰੱਖ ਕੇ ਅਰਦਾਸ ਕਰਦੇ ਹਾਂ ਫੇਰ ਕੰਮ ਜਲਦੀ ਨਹੀਂ ਬਣਦਾ। ਹਜ਼ੂਰ ਫੁਰਮਾਉਂਦੇ ਹਨ ਕਿ ਗੱਲਾਂ ਨਾਲ ਕੰਮ ਨਹੀਂ ਬਣਨਾ।

*ਗਲੀ ਜੋਗੁ ਨ ਹੋਈ॥*
*ਏਕ ਦ੍ਰਿਸਟਿ ਕਰਿ ਸਮਸਰਿ ਜਾਣੈ*
*ਜੋਗੀ ਕਹੀਐ ਸੋਈ॥੧॥ (ਅੰਗ 730)*

ਜਿਹੜੇ ਜੀਵ ਸਤਿਸੰਗੀ ਨਹੀਂ ਹਨ ਉਹ ਅਗਰ ਭਾਵ 'ਚ ਆ ਕੇ ਸਤਿਸੰਗ ਸੁਣ ਕੇ ਬਚਨਾਂ ਉੱਪਰ ਵਿਸ਼ਵਾਸ਼ ਕਰਦੇ ਹਨ ਉਹਨਾਂ ਦੇ ਕਿਸੇ ਕੰਮ ਵਿੱਚ ਰੁਕਾਵਟ ਨਹੀਂ ਪੈਂਦੀ ਕਿਉਂਕਿ

*ਗੋਬਿੰਦ ਭਾਉ ਭਗਤ ਦਾ ਭੁਖਾ।*

ਉਹ ਤਾਕਤ ਭਾਵ ਦੀ ਭੁੱਖੀ ਹੈ, ਪਿਆਰ ਦੀ ਭੁੱਖੀ ਹੈ।

**॥ ਪਉੜੀ॥**

**ਜਿਨਿ ਉਪਾਏ ਜੀਅ ਤਿਨਿ ਹਰਿ ਰਾਖਿਆ॥**

ਹੁਣ ਜਿੰਨੇ ਵੱਖਰੇ ਵੱਖਰੇ ਅਦਾਰੇ ਅਤੇ ਸੰਸਥਾਵਾਂ ਹਨ ਕੀ ਕਿਸੇ ਇੱਕ ਸੰਸਥਾ ਦਾ ਹੀ ਕੰਮ ਹੋਣਾ ਹੈ? ਫੇਰ ਬਾਕੀ ਸਾਰੇ ਕਿੱਥੇ ਜਾਣਗੇ? ਇਸ ਤੋਂ ਅੱਗੇ ਹਿੰਦੂ, ਮੁਸਲਿਮ, ਸਿੱਖ, ਈਸਾਈ ਹਨ ਫੇਰ ਵੱਖਰੇ ਵੱਖਰੇ ਮਜਹਬ ਹਨ। ਅਗਰ ਇੱਕ ਦਾ ਹੀ ਸਰੇਗਾ, ਫੇਰ ਬਾਕੀਆਂ ਦਾ ਕੀ ਬਣੇਗਾ? ਪਰ ਜਿਸ ਤਾਕਤ ਨੇ ਦੁਨੀਆਂ ਦੀ ਰਚਨਾ ਕੀਤੀ ਹੈ ਉਹ ਸਾਰਿਆਂ ਦੀ ਸਾਰ ਲੈਂਦੇ ਹਨ, ਸਾਰਿਆਂ ਦੀ ਸੁਣਦੇ ਹਨ।

**ਅੰਮ੍ਰਿਤੁ ਸਚਾ ਨਾਉ ਭੋਜਨੁ ਚਾਖਿਆ॥**

ਇਹ ਅੰਮ੍ਰਿਤ ਅਰਥਾਤ ਰੱਬ ਦਾ ਨਾਮ ਬਹੁਤ ਹੀ ਉੱਚਾ ਅਤੇ ਸੁੱਚਾ ਹੈ। ਜਿਸ ਨੇ ਵੀ ਇਸ ਨੂੰ ਚੱਖਿਆ ਉਸੇ ਨੂੰ ਸੁਆਦ ਆਇਆ।

**ਤਿਪਤਿ ਰਹੇ ਆਘਾਇ ਮਿਟੀ ਭਭਾਖਿਆ॥**

ਉਹ ਹਮੇਸ਼ਾਂ ਮਾਲਿਕ ਦੇ ਕੀਤੇ ਦਾ ਅਧਾਰ ਰੱਖ ਕੇ ਸੰਤੁਸ਼ਟ ਰਹਿੰਦੇ ਹਨ ਅਤੇ ਉਹ ਵਾਧੂ ਰੌਲਾ ਨਹੀਂ ਪਾਉਂਦੇ।

**ਸਭ ਅੰਦਰਿ ਇਕੁ ਵਰਤੈ ਕਿਨੈ ਵਿਰਲੈ ਲਾਖਿਆ॥**

ਸਾਰੇ ਜੀਵਾਂ ਵਿੱਚ ਇੱਕੋ ਹੀ ਰੱਬ ਦਾ ਵਾਸਾ ਹੈ ਪਰ ਉਹ ਵਿਰਲਿਆਂ ਨੂੰ ਹੀ ਮਿਲਦਾ ਹੈ। ਗੁਰਬਾਣੀ ਵਿੱਚ ਦਰਜ ਹੈ ਕਿ

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥*
*ਰਾਮ ਬਿਨਾ ਕੋ ਬੋਲੈ ਰੇ॥੧॥ (ਅੰਗ 988)*

ਤਥਾ

*ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥*
*(ਅੰਗ 485)*

ਉਸ ਮਾਲਿਕ ਤੋਂ ਬਗੈਰ ਕੋਈ ਜੀਵ ਨਹੀਂ ਹੈ।

**ਜਨ ਨਾਨਕ ਭਏ ਨਿਹਾਲੁ ਪ੍ਰਭ ਕੀ ਪਾਖਿਆ॥ ੨੦॥**

ਮਾਲਿਕ ਉਸ ਜੀਵ ਉੱਪਰ ਮਿਹਰਬਾਨ ਹੋ ਜਾਂਦੇ ਹਨ ਉਸ ਦੀ ਮਦਦ ਕਰਦੇ ਹਨ ਉਸੇ ਦਾ ਪੱਖ ਪੂਰਦੇ ਹਨ।

*ਬਲਿਹਾਰੀ ਗੁਰ ਆਪਣੇ*
*ਦਿਉਹਾੜੀ ਸਦ ਵਾਰ॥*
*ਜਿਨਿ ਮਾਣਸ ਤੇ ਦੇਵਤੇ ਕੀਏ*
*ਕਰਤ ਨ ਲਾਗੀ ਵਾਰ॥ ੧॥ (ਅੰਗ 462-63)*

ਜਿਹੜੇ ਵੀ ਜੀਵ ਆ ਕੇ ਮਾਲਿਕ ਦੀ ਬਾਣੀ ਦਾ ਯਸ਼ ਅਤੇ ਕੀਰਤਨ ਸੁਣਦੇ ਹਨ ਮਾਲਿਕ ਉਸ ਦਾ ਪੱਖ ਪੂਰਦੇ ਹਨ ਕਿ ਇਹ ਬੰਦਾ ਨੇਕ ਰਾਹ ਤੇ ਤੁਰਿਆ ਹੈ ਕਿਸੇ ਦਾ ਬੁਰਾ ਨਹੀਂ ਸੋਚਦਾ। ਹਰ ਇੱਕ ਦਾ ਭਲਾ ਸੋਚਦਾ ਹੈ। ਇਸ ਕਰਕੇ ਇਸ ਦਾ ਕਾਰੋਬਾਰ ਠੀਕ ਕਰ ਦੇਣਾ ਹੈ ਤਾਂਕਿ ਇਸ ਨੂੰ ਮਿਹਣੇ ਨਾ ਵੱਜਣ।

ਜਿਸ ਤਰ੍ਹਾਂ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੂੰ ਮਿਹਣਾ ਵੱਜਾ ਸੀ ਕਿ ਨਾ ਇਸ ਦਾ ਕੋਈ ਥਾਂ ਹੈ ਅਤੇ ਨਾਹੀ ਇਸ ਦੇ

ਸਤਿਗੁਰ ਦਾ ਕੋਈ ਥਾਂ ਹੈ। ਤਦ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਕਿਹਾ ਓ ਝੱਲੀਏ! ਮੈਂ ਤਾਂ ਨਿਥਾਂਵਾਂ ਹਾਂ, ਮੇਰਾ ਕੋਈ ਥਾਂ ਨਹੀਂ ਹੈ। ਪਰ ਜੇਕਰ ਗੁਰੂ ਦਾ ਕੋਈ ਥਾਂ ਨਹੀਂ ਹੈ ਫੇਰ ਦੁਨੀਆਂ ਵਿੱਚ ਥਾਂ ਵਾਲਾ ਕੌਣ ਆ ਗਿਆ? ਉਹ ਲੜਕੀ ਸ਼ਦੈਣ ਹੋ ਗਈ। ਲੋਕਾਂ ਨੇ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਕੋਲ ਜਾ ਕੇ ਸ਼ਿਕਾਇਤ ਕੀਤੀ। ਹਜ਼ੂਰ ਦੂਸਰੇ ਪਾਤਿਸ਼ਾਹ ਜੀ ਮਿਹਰਵਾਨ ਤਾਕਤ ਸਨ ਉਹਨਾਂ ਨੇ ਫੁਰਮਾਨ ਕੀਤਾ ਕਿ ਕੌਣ ਕਹਿੰਦਾ ਹੈ ਕਿ ਮੇਰਾ ਪੁੱਤਰ ਨਿਥਾਂਵਾਂ ਹੈ ਇਹ ਤਾਂ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਹਨ। ਫੇਰ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦੀ ਜੋਤ ਹਜ਼ੂਰ ਚੌਥੇ ਪਾਤਿਸ਼ਾਹ ਜੀ ਵਿੱਚ ਆਈ ਅਤੇ ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਰਚਨਾ ਕੀਤੀ। ਸੋਈ ਉਹ ਤਾਕਤ ਤਾਂ

*ਵਿਣੁ ਬੋਲਿਆ ਸਭੁ ਕਿਛੁ ਜਾਣਦਾ*

*ਕਿਸੁ ਆਗੈ ਕੀਚੈ ਅਰਦਾਸਿ॥ (ਅੰਗ 1420)*

ਉਸ ਮਾਲਿਕ ਅੱਗੇ ਚਾਹੇ ਘਰ ਬੈਠੇ ਅਰਦਾਸ ਕਰੋ ਜਾਂ ਅਖੰਡ ਪਾਠ ਜਾਂ ਸਤਿਸੰਗ ਕਰਵਾ ਕੇ ਕਰੋ ਪਰ ਜੋ ਗੁਰਬਾਣੀ ਦਾ ਆਸਰਾ ਲੈ ਕੇ ਅਰਦਾਸ ਕਰਦੇ ਹਨ ਗੁਰਬਾਣੀ ਉਹਨਾਂ ਦੇ ਕਾਰਜ ਅਵੱਸ਼ ਪੂਰੇ ਕਰਦੀ ਹੈ।

# ਸਤਿਸੰਗ

**॥ ਸਲੋਕੁ ਮ: ੪॥ (ਅੰਗ 552)**

**ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ**

**ਜੇਤੇ ਕਰਮ ਕਮਾਹਿ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਡੇ ਹਿੱਤ ਵਾਸਤੇ ਭੇਦ ਬਖ਼ਸ਼ ਰਹੇ ਹਨ ਕਿ ਸਾਧੂ ਦੀ ਸੰਗਤ ਕਿਉਂ ਕਰਨੀ ਚਾਹੀਦੀ ਹੈ? ਮਾਤਾ ਪਿਤਾ ਦੀ ਆਗਿਆ ਵਿੱਚ ਕਿਉਂ ਰਹਿਣਾ ਚਾਹੀਦਾ ਹੈ? ਮਾਤਾ ਪਿਤਾ ਤੋਂ ਵੱਧ ਹਮਦਰਦ ਦੁਨੀਆਂ ਵਿੱਚ ਕੋਈ ਨਹੀਂ ਹੋ ਸਕਦਾ। ਉਹ ਬੱਚੇ ਦਾ ਬੁਰਾ ਹੁੰਦਾ ਦੇਖ ਕੇ ਵੀ ਖੁਸ਼ ਨਹੀਂ ਹੁੰਦੇ, ਬੁਰਾ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ। ਲੇਕਿਨ ਇੱਥੇ ਹਜ਼ੂਰ ਚੌਥੇ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਸੰਤਾਂ ਦੀ ਸੰਗਤ ਤੋਂ ਬਗੈਰ ਜੀਵ ਜਿੰਨੇ ਮਰਜੀ ਕਰਮ ਕਰ ਲਵੇ, ਜਿੰਨੀ ਮਰਜੀ ਭਗਤੀ ਕਰ ਲਵੇ। ਸਗੋਂ ਜੀਵ ਉਲਟਾ ਮਾਣ ਵਡਿਆਈ ਵਿੱਚ ਫਸ ਜਾਵੇਗਾ, ਬੰਧਨ ਵਿੱਚ ਫਸ ਜਾਵੇਗਾ। ਇਸ ਤਰ੍ਹਾਂ ਉਹ ਆਪਣੀ ਭਗਤੀ ਖੁਦ ਗੁਆ ਬੈਠਦਾ ਹੈ।

*ਲੇਨੇ ਕੋ ਹਰੀ ਨਾਮ ਹੈ ਦੇਨੇ ਕੋ ਹੈ ਦਾਨ।*

*ਤੈਰਨੇ ਕੋ ਗੁਰੂ ਭਗਤੀ ਡੂਬਨੇ ਕੋ ਅਭਿਮਾਨ।*

ਇਸ ਕਰਕੇ ਸਾਧੂ ਉਸ ਦੇ ਚੰਗੇ ਕਰਮਾਂ ਨੂੰ ਸਾਂਭ ਕੇ ਰੱਖਦੇ ਹਨ ਤਾਂਕਿ ਸਵਾਸ ਪੂਰੇ ਹੋਣ ਤੋਂ ਬਾਅਦ ਜਦੋਂ ਜੀਵ ਇੱਥੋਂ ਜਾਂਦਾ ਹੈ ਉਦੋਂ ਤੱਕ ਉਸ ਦੀ ਕਮਾਈ ਖੇਰੂੰ ਖੇਰੂੰ ਨਾ ਹੋ ਜਾਵੇ। ਇਸੇ ਤਰ੍ਹਾਂ ਮਾਂ ਬਾਪ ਵੀ ਬੱਚੇ ਦੀ ਕੀਤੀ ਹੋਈ ਕਮਾਈ ਨੂੰ ਸੰਭਾਲ ਕੇ ਰੱਖਦੇ ਹਨ ਅਤੇ ਸਤਿਗੁਰ ਜੀਵ ਦੀ ਬੰਦਗੀ ਦੀ ਰੱਖਿਆ ਕਰਦੇ ਹਨ।

**ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ**

**ਮਰਿ ਜੰਮਹਿ ਆਵਹਿ ਜਾਹਿ॥**

ਜਦੋਂ ਤੱਕ ਜੀਵ ਸਾਧੂ ਦੀ ਸੰਗਤ ਕਰਕੇ ਉਹਨਾਂ ਦੀ ਸਿੱਖਿਆ ਉੱਪਰ ਅਮਲ ਨਹੀਂ ਕਰਦਾ ਉਦੋਂ ਤੱਕ ਉਸ ਦੇ ਅੰਦਰ ਭਗਤੀ ਨਹੀਂ ਠਹਿਰਦੀ ਅਤੇ ਜਨਮ ਮਰਨ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ।

*ਖੀਨ ਪੁੰਨੇ ਮਿਰਤ ਲੋਕਾ।*

ਜਦੋਂ ਉਸ ਦੇ ਪੁੰਨ ਖਤਮ ਹੋ ਜਾਂਦੇ ਹਨ ਫੇਰ ਉਹ ਦੂਸਰੇ ਚੱਕਰ ਵਿੱਚ ਪੈ ਜਾਂਦਾ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਇਸ ਕਰਕੇ ਸੰਤਾਂ ਦੀ ਸੰਗਤ ਕਰਕੇ ਉਹਨਾਂ ਦੇ ਬਚਨਾਂ ਉੱਪਰ ਅਮਲ ਕਰੋ।

*ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ॥*

*ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ॥ ੧॥*

*(ਅੰਗ 808)*

ਅਗਰ ਕੋਈ ਜੀਵ ਤੁਹਾਡੀ ਸਿਫਤ ਕਰਦਾ ਹੈ ਤਾਂ ਉਸ ਸਿਫਤ ਨੂੰ ਅੱਗ ਵਿੱਚ ਸੁੱਟ ਦਿਓ। ਅਗਰ ਕੋਈ ਗੁਰੂ ਪਿਆਰਾ ਮਿਲਦਾ ਹੈ ਤਾਂ ਉਸ ਨਾਲ ਗੁਰਬਾਣੀ ਦੇ ਬਚਨ ਕਰੋ। ਫੇਰ ਤੁਹਾਡੀ ਅਤੇ ਸਾਡੀ ਜੀਵਨੀ ਠੀਕ ਰਹਿ ਸਕਦੀ ਹੈ।

**ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ**

**ਨਾਮੁ ਨ ਵਸੈ ਮਨਿ ਆਇ॥**

ਸਾਧੂਆਂ ਦੀ ਸੰਗਤ ਕਰਨ ਤੋਂ ਬਿਨਾਂ ਜੀਵ ਹਮੇਸ਼ਾਂ ਫਿੱਕਾ

ਬੋਲਦਾ ਹੈ।

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥*

*(ਅੰਗ 473)*

ਸਾਧੂਆਂ ਦੀ ਸੰਗਤ ਕਰਨ ਨਾਲ ਜੀਵ ਨੂੰ ਪਤਾ ਲੱਗਦਾ ਹੈ ਗਰਮ ਪਾਣੀ ਸੁੱਟਣ ਨਾਲ ਵੀ ਅਤੇ ਠੰਢਾ ਪਾਣੀ ਸੁੱਟਣ ਨਾਲ ਵੀ ਅੱਗ ਬੁਝ ਜਾਂਦੀ ਹੈ। ਕਿਸੇ ਵਕਤ ਜੀਵ ਦਾ ਐਸਾ ਕਰਮ ਵਾਰਦ ਹੋ ਰਿਹਾ ਹੁੰਦਾ ਹੈ ਕਿ ਸਾਧੂ ਉਸ ਜੀਵ ਨੂੰ ਝਿੜਕ ਕੇ ਉਸ ਦਾ ਕਰਮ ਠੀਕ ਕਰ ਦਿੰਦੇ ਹਨ। ਗੁਰਬਾਣੀ ਵਿੱਚ ਇੱਥੋਂ ਤੱਕ ਵੀ ਲਿਖਿਆ ਹੈ ਕਿ

*ਈਂਧਨ ਤੇ ਬੈਸੰਤਰੁ ਭਾਗੈ॥ (ਅੰਗ 900)*

ਕਿ ਅੱਗ ਉੱਪਰ ਜੋਰ ਦੀ ਲੱਕੜ ਮਾਰਨ ਨਾਲ ਵੀ ਅੱਗ ਬੁਝ ਜਾਂਦੀ ਹੈ, ਜਦੋਂ ਕਿ ਲੱਕੜਾਂ ਨਾਲ ਹੀ ਅੱਗ ਬਲਦੀ ਹੈ। ਇਸ ਤਰ੍ਹਾਂ ਸਾਧੂ ਜੀਵ 'ਤੇ ਕਰਮ ਵਾਰਦ ਹੋਣ ਤੋਂ ਪਹਿਲਾਂ ਹੀ ਉਸ ਨੂੰ ਝਿੜਕ ਮਾਰ ਕੇ ਉਸ ਦੇ ਅੰਦਰੋਂ ਜੋ ਭਾਂਬੜ ਮੱਚਣੇ ਸਨ ਉਸ ਦਾ ਜੋ ਨੁਕਸਾਨ ਹੋਣਾ ਸੀ ਉਸ ਨੂੰ ਠੀਕ ਕਰ ਦਿੰਦੇ ਹਨ। ਇਸੇ ਕਰਕੇ ਗੁਰਬਾਣੀ ਵਿੱਚ ਦਰਜ ਹੈ ਕਿ

*ਜੇ ਗੁਰੁ ਝਿੜਕੇ ਤ ਮੀਠਾ ਲਾਗੈ*

*ਜੇ ਬਖਸੇ ਤ ਗੁਰ ਵਡਿਆਈ॥ ੨੫॥ (ਅੰਗ 758)*

ਤਥਾ

*ਜੇ ਲੋਕੁ ਸਲਾਹੇ ਤਾ ਤੇਰੀ ਉਪਮਾ*

*ਜੇ ਨਿੰਦੈ ਤ ਛੋਡਿ ਨ ਜਾਈ॥ ੯॥ (ਅੰਗ 757)*

ਇਸ ਕਰਕੇ ਜੀਵ ਨੂੰ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਸਾਧੂਆਂ ਦੀ ਝਿੜਕ ਜਰੂਰ ਕੁਝ ਨਾ ਕੁਝ ਸੁਆਰਦੀ ਹੈ।

**ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਹਿ**

**ਮੁਹਿ ਕਾਲੈ ਉਠਿ ਜਾਹਿ॥ ੧॥**

ਹਜ਼ੂਰ ਫੁਰਮਾਉਂਦੇ ਹਨ ਕਿ ਸਤਿਗੁਰ ਦੀ ਸੰਗਤ ਤੋਂ ਬਗੈਰ ਅਸੀਂ ਆਪਣੀ ਕਮਾਈ ਖਤਮ ਕਰ ਲੈਂਦੇ ਹਾਂ ਅਤੇ ਮੂੰਹ ਕਾਲਾ ਕਰਕੇ ਨਿਕਲਦੇ ਹਾਂ ਕਿਉਂਕਿ ਸਾਡੀ ਬੰਦਗੀ ਉਸ ਵਕਤ ਸਾਡੇ ਨਾਲ ਨਹੀਂ ਹੁੰਦੀ ਇਸ ਲਈ ਅਸੀਂ ਇੱਕਲੇ ਰਹਿ ਜਾਂਦੇ ਹਾਂ। ਇੱਕਲੀ ਤਾਂ ਲੜਕੀ ਨੂੰ ਦੇਖ ਕੇ ਉਸ ਨਾਲ ਦੁਰ ਵਿਵਹਾਰ ਕਰਦੇ ਹਨ। ਪਰ ਜੇਕਰ ਉਸਦੇ ਨਾਲ ਕੋਈ ਤਕੜੀ ਗਾਰਡ ਹੋਵੇ, ਬੰਦੂਕਾਂ, ਕੁਹਾੜੀਆਂ ਵਾਲੇ ਹੋਣ ਤਦ ਉਹ ਸਾਰੇ ਡਰ ਜਾਂਦੇ ਹਨ। ਕਿਸੇ ਜੀਵ ਵੱਲ ਅਗਰ ਪਲਾਸਟਿਕ ਦਾ ਸੱਪ ਸੁੱਟੋ ਤਾਂ ਜੀਵ ਹ-ਹ-ਹ- ਹੱਪ ਕਹਿੰਦਾ ਹੈ ਉਸ ਦੇ ਮੂੰਹੋ ਸੱਪ ਵੀ ਨਹੀਂ ਨਿਕਲਦਾ। ਇਸ ਕਰਕੇ ਅਗਰ ਮਾਲਿਕ ਨਾਲ ਹੋਣਗੇ ਫੇਰ

*ਇਕ ਬਾਂਹ ਗੁਰੂ ਕੀ ਲਖ ਬਾਂਹ ਕਿਆ ਹੋਇ।*

ਜਦੋਂ ਉਹ ਤਾਕਤ ਜੀਵ ਦੇ ਨਾਲ ਹੁੰਦੀ ਹੈ ਉਦੋਂ ਉਸ ਨੂੰ ਕੋਈ ਆਂਚ ਨਹੀਂ ਆਉਂਦੀ। ਸੋਈ ਹਜ਼ੂਰ ਸਾਨੂੰ ਭਾਵ ਅਤੇ ਭਰੋਸਾ ਬਖਸ਼ਣ ਕਿ ਹੁਣ ਅਸੀਂ ਮਾਲਿਕ ਦੇ ਚਰਨਾਂ ਵਿੱਚ ਆ ਗਏ ਹਾਂ ਹੁਣ ਕਾਲ ਦੀ ਐਸੀ ਤੈਸੀ ਅਗਰ ਕੁਝ ਕਰੇ।

# ਸਤਿਸੰਗ

**ਗੂਜਰੀ ਮਹਲਾ ੫ ਘਰੁ ੪ (ਅੰਗ 508)**

**ੴ ਸਤਿਗੁਰ ਪ੍ਰਸਾਦਿ॥**

**ਨਾਥ ਨਰਹਰ ਦੀਨ ਬੰਧਵ ਪਤਿਤ ਪਾਵਨ ਦੇਵ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਉਹ ਮਾਲਿਕ ਨਾਥਾਂ ਦੇ ਵੀ ਅਤੇ ਅਨਾਥਾਂ ਦੇ ਵੀ ਨਾਥ ਹਨ। ਉਹ ਦੀਨ ਅਰਥਾਤ ਜਿਹੜੇ ਜੀਵਾਂ ਦਾ ਕੋਈ ਆਸਰਾ ਜਾਂ ਸਹਾਰਾ ਨਹੀਂ ਹੈ ਉਹਨਾਂ ਦੇ ਸਹਾਰੇ ਵੀ ਹਨ। ਉਹਨਾਂ ਵਰਗਾ ਸਾਫ, ਸੱਚਾ ਅਤੇ ਸੁੱਚਾ ਹੋਰ ਕੋਈ ਨਹੀਂ ਹੈ।

**ਭੈ ਤ੍ਰਾਸ ਨਾਸ ਕ੍ਰਿਪਾਲ ਗੁਣ ਨਿਧਿ**

**ਸਫਲ ਸੁਆਮੀ ਸੇਵ॥ ੧॥**

ਪਰ ਉਹ ਤਾਕਤ ਕਿਸੇ ਦੇ ਭੈ ਵਿੱਚ ਨਹੀਂ ਆਉਂਦੀ।

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*

*ਕਹੁ ਨਾਨਕ ਸੁਨਿ ਰੇ ਮਨਾ*

*ਗਿਆਨੀ ਤਾਹਿ ਬਖਾਨਿ॥੧੬॥ (ਅੰਗ 1427)*

ਉਹ ਦੂਜਿਆਂ ਦੇ ਭੈ ਵੀ ਖਤਮ ਕਰ ਦਿੰਦੇ ਹਨ। ਉਹ ਪੂਰਨ ਤਾਕਤ ਹਨ, ਸਮਰਥ ਹਨ, ਸਭ ਦੇ ਸੁਆਮੀ ਵੀ ਹਨ।

*ਊਚ ਅਪਾਰ ਬੇਅੰਤ ਸੁਆਮੀ*

*ਕਉਣੁ ਜਾਣੈ ਗੁਣ ਤੇਰੇ॥*

*ਗਾਵਤੇ ਉਧਰਹਿ ਸੁਣਤੇ ਉਧਰਹਿ*

*ਬਿਨਸਹਿ ਪਾਪ ਘਨੇਰੇ॥*

*ਪਸੂ ਪਰੇਤ ਮੁਗਧ ਕਉ ਤਾਰੇ*

*ਪਾਹਨ ਪਾਰਿ ਉਤਾਰੈ॥*

*ਨਾਨਕ ਦਾਸ ਤੇਰੀ ਸਰਣਾਈ*

*ਸਦਾ ਸਦਾ ਬਲਿਹਾਰੈ॥੪॥ (ਅੰਗ 802)*

ਉਹ ਤਾਕਤ ਪੱਥਰਾਂ ਨੂੰ ਵੀ ਤਾਰ ਦਿੰਦੀ ਹੈ ਲੇਕਿਨ ਉਸ ਉੱਪਰ ਵਿਸ਼ਵਾਸ ਰੱਖਣਾ ਜਰੂਰੀ ਹੈ।

**ਹਰਿ ਗੋਪਾਲ ਗੁਰ ਗੋਬਿੰਦ॥**

ਉਹ ਹਰੀ ਸ੍ਰਿਸ਼ਟੀ ਦੇ ਰਚਨਹਾਰ ਅਤੇ ਪਾਲਣਹਾਰ ਵੀ ਹਨ। ਉਹ ਸਭ ਦੇ ਦਿਲਾਂ ਦੀਆਂ ਜਾਣਦੇ ਹਨ। ਅਤੇ ਉਹ ਜੀਵ ਵਾਸਤੇ ਜੋ ਵੀ ਕਰਦੇ ਹਨ ਚੰਗਾ ਹੀ ਕਰਦੇ ਹਨ।

**ਚਰਣ ਸਰਣ ਦਇਆਲ ਕੇਸਵ**

**ਤਾਰਿ ਜਗ ਭਵ ਸਿੰਧ॥੧॥ ਰਹਾਉ॥**

ਸੱਚੇ ਪਾਤਿਸ਼ਾਹੋ! ਤੁਸੀਂ ਜਗ ਨੂੰ ਤਾਰਨ ਦੀ ਸਮੱਰਥਾ ਰੱਖਦੇ ਹੋ। ਤੁਸੀਂ ਸਾਨੂੰ ਭੈ ਤੋਂ ਵੀ ਮੁਕਤ ਕਰੋ ਅਤੇ ਸਾਡਾ ਉਧਾਰ ਵੀ ਕਰੋ।

# ਸਤਿਸੰਗ

**ਆਸਾਵਰੀ ਮਹਲਾ ੫ ਘਰੁ ੩**

**ੴ ਸਤਿਗੁਰ ਪ੍ਰਸਾਦਿ॥ (ਅੰਗ 431)**

**ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪਣੇ ਮਨ ਨੂੰ ਸਮਝਾ ਰਹੇ ਹਨ ਕਿ ਐ ਮਨਾ! ਤੂੰ ਸ਼ੁਕਰ ਕਰ ਕਿ ਤੇਰੀ ਹਰੀ ਦੇ ਨਾਲ ਪ੍ਰੀਤ ਲੱਗੀ ਹੈ। ਤੂੰ ਆਪਣੇ ਆਪ ਨੂੰ ਭਾਗਾਂ ਵਾਲਾ ਸਮਝ। ਇਹ ਦੁਨਿਆਵੀ ਮਾਇਆ ਦੇ ਜੰਜਾਲ ਅਖੀਰਲੇ ਸਮੇਂ ਤੇਰੇ ਨਾਲ ਨਹੀਂ ਜਾਣੇ। ਮਾਲਿਕ ਨੇ ਤੇਰੀ ਆਪਣੇ ਨਾਲ ਪ੍ਰੀਤ ਲਾ ਕੇ ਤੈਨੂੰ ਭਾਗਾਂ ਵਾਲਾ ਬਣਾਇਆਂ ਹੈ।

**ਸਾਧਸੰਗਿ ਹਰਿ ਹਰਿ ਜਪਤ**

**ਨਿਰਮਲ ਸਾਚੀ ਰੀਤਿ॥੧॥ ਰਹਾਉ॥**

ਐ ਮਨਾ! ਹੁਣ ਤੂੰ ਸਾਧੂ ਦੀ ਸੰਗਤ ਵਿੱਚ ਜਾ ਕੇ ਹਰੀ ਦਾ ਜਾਪ ਕਰ। ਇਹੋ ਜੁਗਾਂ ਤੋਂ ਚਲੀ ਆ ਰਹੀ ਪੁਰਾਣੀ ਅਤੇ ਸੱਚੀ ਰੀਤ ਹੈ। ਤੈਨੂੰ ਜੋ ਮਰਜੀ ਮਿਲ ਜਾਵੇ ਜਾਂ ਅਗਰ ਕੋਈ ਕਮੀ ਆਵੇ ਤੂੰ ਇਸ ਰੀਤ ਨੂੰ ਨਾ ਤੋੜੀਂ ਅਤੇ ਪ੍ਰੀਤ ਨੂੰ ਨਾ ਛੱਡੀਂ।

**ਦਰਸਨ ਕੀ ਪਿਆਸ ਘਣੀ**

**ਚਿਤਵਤ ਅਨਿਕ ਪ੍ਰਕਾਰ॥**

ਹਜ਼ੂਰ ਫੁਰਮਾਉਂਦੇ ਹਨ ਕਿ ਮੈਨੂੰ ਦਰਸ਼ਨਾਂ ਦੀ ਪਿਆਸ ਹੈ। ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੂੰ ਵਿਆਹ ਦੇ ਬਹਾਨੇ ਲਹੌਰ ਭੇਜ ਦਿੱਤਾ ਸੀ। ਉਥੇ ਆਪ ਦੀ ਸਹੂਲਤ ਵਾਸਤੇ ਬੱਘੀਆਂ, ਘੋੜੇ, ਨੌਕਰ, ਚਾਕਰ ਦਿੱਤੇ ਹੋਏ ਸਨ। ਪਰ ਆਪ ਨੂੰ ਆਪਣੇ ਸਤਿਗੁਰ ਦਾ ਵਿਛੋੜਾ ਹੋਣ ਕਰਕੇ ਆਪ ਨੇ ਚਿੱਠੀਆਂ ਲਿਖ ਲਿਖ ਕੇ ਤਰਲੇ ਪਾਏ ਕਿ ਸਤਿਗੁਰੂ!

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*

*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*

*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*

*ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥*

*ਹਉ ਘੋਲੀ ਜੀਉ ਘੋਲਿ ਘੁਮਾਈ*

*ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ (ਅੰਗ 96)*

ਆਪ ਸਤਿਗੁਰ ਦੇ ਵਿਛੋੜੇ ਵਿੱਚ ਚਿੱਠੀਆਂ ਲਿਖਦੇ ਰਹੇ ਅਤੇ ਦੁਨਿਆਵੀ ਪਦਾਰਥ ਆਪ ਨੂੰ ਚੰਗੇ ਨਹੀਂ ਲੱਗਦੇ ਸਨ। ਇਸੇ ਤਰ੍ਹਾਂ ਜੀਵ ਦੀ ਜਿਸ ਦਿਨ ਸਤਿਗੁਰ ਨਾਲ ਸੱਚੀ ਪ੍ਰੀਤ ਲੱਗ ਜਾਵੇਗੀ ਫੇਰ ਉਹ ਦੁਨਿਆਵੀ ਕਾਰਜਾਂ ਵਿੱਚ ਫਸਦਾ ਨਹੀਂ ਹੈ।

**ਕਰਹੁ ਅਨੁਗ੍ਰਹੁ ਪਾਰਬ੍ਰਹਮ**

**ਹਰਿ ਕਿਰਪਾ ਧਾਰਿ ਮੁਰਾਰਿ॥੧॥**

ਸੱਚੇ ਪਾਤਿਸ਼ਾਹੋ! ਮੇਰੇ ਗ੍ਰਹਿ ਵਿਖੇ ਚਰਨ ਪਾਵੋ। ਮੈਂ ਇਸ ਲਾਇਕ ਤਾਂ ਨਹੀਂ ਹਾਂ ਪਰ ਤੁਸੀਂ ਖੁਦ ਹੀ ਕਿਰਪਾ ਧਾਰ ਕੇ ਮੇਰੇ ਉੱਪਰ ਬਖਸ਼ਿਸ਼ ਕਰੋ।

**ਮਨੁ ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ॥**

ਅਸੀਂ ਸਾਰੇ ਹੀ ਇੱਥੇ ਪਰਦੇਸੀ ਹਾਂ। ਜਿੱਥੇ ਅਸੀਂ ਮੌਤ ਤੋਂ ਬਾਅਦ ਜਾਣਾ ਹੈ ਉਹ ਸਾਡਾ ਅਸਲੀ ਦੇਸ਼ ਹੈ। ਲੜਕੀ ਪੈਦਾ ਕਿਤੇ ਹੁੰਦੀ ਹੈ ਅਤੇ ਜਿੱਥੇ ਉਹ ਵਿਆਹੀ ਜਾਂਦੀ ਹੈ ਉਹ ਹੀ ਉਸਦਾ ਅਸਲੀ ਘਰ ਹੁੰਦਾ ਹੈ।

ਦੁਨਿਆਵੀ ਤੌਰ ਤੇ ਜਦੋਂ ਅਸੀਂ ਵਿਦੇਸ਼ਾਂ ਵਿੱਚ ਘੁੰਮਣ

ਜਾਂਦੇ ਹਾਂ ਤਦ ਵਾਪਸੀ ਦੀ ਟਿਕਟ ਵੀ ਨਾਲ ਹੀ ਲੈਣੀ ਪੈਂਦੀ ਹੈ। ਉਂਝ ਕਿਸੇ ਵੀ ਦੇਸ਼ ਵਾਲੇ ਆਪਣੇ ਦੇਸ਼ ਅੰਦਰ ਵੜਨ ਨਹੀਂ ਦਿੰਦੇ ਕਿ ਇਸਨੇ ਵਾਪਿਸ ਨਹੀਂ ਮੁੜਨਾ । ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਇਹ ਇਸਦਾ ਦੇਸ਼ ਨਹੀਂ ਹੈ ਇਹ ਯਾਤਰੀ ਹੈ ਬੇਗਾਨਾ ਹੈ। ਅਗਰ ਤੁਹਾਨੂੰ ਕਿਸੇ ਬਾਹਰਲੇ ਦੇਸ਼ ਦੀ ਸਿਟੀਜਨਸ਼ਿਪ ਮਿਲ ਜਾਂਦੀ ਹੈ ਫੇਰ ਇੰਡੀਆ ਵਾਲੇ ਵਾਪਸੀ ਟਿਕਟ ਦੇਖਦੇ ਹਨ। ਪਰ ਅੱਜ ਕਲ ਕੁੱਝ ਦੇਸ਼ਾਂ ਵਿੱਚ ਡਿਊਲ ਸਿਟੀਜਨ ਮਿਲਣੀ ਸ਼ੁਰੂ ਹੋ ਗਈ ਹੈ ਉਸ ਨਾਲ ਜੀਵ ਵਿਦੇਸ਼ ਵਿੱਚ ਵੀ ਅਤੇ ਦੇਸ਼ ਵਿੱਚ ਵੀ ਰਹਿ ਸਕਦਾ ਹੈ।

ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਐ ਜੀਵ! ਆਪਣੇ ਮਨ ਨੂੰ ਸਮਝਾ ਕਿ ਤੂੰ ਪਰਦੇਸ ਵਿੱਚ ਆਇਆ ਏਂ ਤੂੰ ਇੱਥੇ ਬਹੁਤੇ ਬੰਨ੍ਹ ਨਾ ਮਾਰ। ਅਖੀਰ ਤੂੰ ਇਹ ਸਭ ਕੁਝ ਛੱਡ ਕੇ ਚਲੇ ਜਾਣਾ ਹੈ।

**ਜਿਸੁ ਵਖਰ ਕਉ ਚਾਹਤਾ**

**ਸੋ ਪਾਇਓ ਨਾਮਹਿ ਰੰਗਿ ॥੨॥**

ਐ ਪ੍ਰਾਣੀ! ਤੂੰ ਜਿਸ ਸੁਖ, ਵਖਰ ਜਾਂ ਤਾਕਤ ਨੂੰ ਲੱਭਦਾ ਫਿਰਦਾ ਏਂ ਉਸ ਨੇ ਤੈਨੂੰ ਨਾਮ ਦਾ ਸਿਮਰਨ ਕੀਤਿਆਂ ਹੀ ਮਿਲਣਾ ਹੈ। ਤੂੰ ਕਿਸੇ ਦੇ ਬਹਿਕਾਵੇ ਵਿੱਚ ਨਾ ਆ ਉਸ ਨੂੰ ਕਹੋ ਕਿ ਮਾਲਿਕ ਆਪੇ ਮੇਰੇ ਉੱਪਰ ਬਖਸ਼ਿਸ਼ ਕਰਨਗੇ ਤੂੰ ਵਿੱਚ ਕੀ ਲੱਗਦਾ ਏਂ? ਬਹੁਤ ਸਾਰੇ ਜੀਵ ਭਗਤੀ ਤੋਂ ਡੇਗਣ ਵਾਸਤੇ ਕਹਿੰਦੇ ਹਨ ਕਿ ਤੂੰ ਉਥੇ ਜਾਂਦਾ ਏ ਫੇਰ ਤੇਰੇ ਨਾਲ ਐਸਾ ਕਿਉਂ ਵਾਪਰਿਆ ਹੈ ਜਾਂ ਫਲਾਣੀ ਚੀਜ ਤੈਨੂੰ ਕਿਉਂ ਨਹੀਂ ਮਿਲੀ। ਉਹਨਾਂ ਨੂੰ ਕੀ ਪਤਾ ਹੈ ਕਿ ਤੁਹਾਡਾ ਕਰਮ ਕੀ ਸੀ ਅਤੇ ਮਾਲਿਕ ਨੇ ਕਿੰਨੀ ਰੱਖਿਆ ਕਰ ਕੇ ਠੀਕ ਕੀਤਾ ਹੈ ਅਤੇ ਅਗਾਂਹ ਵੀ ਖੁਸ਼ੀਆਂ ਬਖਸ਼ੀਆਂ ਹਨ। ਕਈ ਜੀਵ ਭਟਕ ਜਾਂਦੇ ਹਨ ਅਤੇ ਮਾਲਿਕ ਵੀ ਸੋਚਦੇ ਹਨ ਕਿ ਇਸ ਨੂੰ ਹੋਰ ਭਟਕ ਲੈਣ ਦਿਓ। ਪਰ ਜੋ ਜੀਵ ਸੱਚੇ ਦਿਲ ਨਾਲ ਇੱਕ ਵੀ ਸਤਿਸੰਗ ਸੁਣ ਲੈਂਦਾ ਹੈ ਉਸ ਦਾ ਉਧਾਰ ਹੋ ਜਾਂਦਾ ਹੈ। ਜਿਹੜਾ ਕਿਸੇ ਗਰਜ ਵਾਸਤੇ ਸੁਣਦਾ ਹੈ ਮਾਲਿਕ ਬਖਸ਼ਿਸ਼ ਉਸ ਉੱਪਰ ਵੀ ਕਰਦੇ ਹਨ ਪਰ ਸਮਾਂ ਜਿਆਦਾ ਲੱਗਦਾ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਐ ਜੀਵ! ਤੈਨੂੰ ਜਿਸ ਵਖਰ ਦੀ ਭੁੱਖ ਹੈ ਉਹ ਸਿਰਫ਼ ਸਾਧੂ ਦੀ ਸੰਗਤ ਵਿਚੋਂ ਹੀ ਪੂਰੀ ਹੋਣੀ ਹੈ। ਉਂਝ ਜੀਵ ਚਾਹੇ ਕਿੰਨੇ ਵੀ ਯਤਨ ਕਰ ਲਵੇ ਜੋ ਸਾਧੂ ਅਗਾਂਹ ਮਾਲਿਕ ਨੂੰ ਮਿਲੇ ਹੁੰਦੇ ਹਨ ਸਿਰਫ਼ ਉਹਨਾਂ ਦੀ ਸੰਗਤ ਕਰਨ ਨਾਲ ਹੀ ਬਖਸ਼ਿਸ਼ ਹੋਣੀ ਹੈ।

# ਸਤਿਸੰਗ

**॥ ਸਲੋਕ ਮ: ੫ ॥** **(ਅੰਗ 519)**

**ਮਨ ਮਹਿ ਚਿਤਵਉ ਚਿਤਵਨੀ**

**ਉਦਮੁ ਕਰਉ ਉਠਿ ਨੀਤ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਹੁਕਮਨਾਮਾ ਆਇਆ ਹੈ। ਜਿਹੜੇ ਪਰਿਵਾਰਾਂ ਨੇ ਜੰਮੂ ਕਸ਼ਮੀਰ ਵਾਸਤੇ ਰਾਹਤ ਸਮੱਗਰੀ ਵਿੱਚ ਸੇਵਾ ਪਾਈ ਹੈ ਉਹਨਾਂ ਵੱਲੋਂ ਇਹ ਹੁਕਮਨਾਮਾ ਲਿਆ ਗਿਆ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਸ ਤਰ੍ਹਾਂ ਅਸੀਂ ਦੁਨਿਆਵੀ ਸੇਵਾ ਪਾਈ ਹੈ ਇਸ ਤਰ੍ਹਾਂ ਆਪਣੇ ਵਾਸਤੇ ਵੀ ਉਸ ਮਾਲਿਕ ਦੇ ਦਰਬਾਰ ਵਿੱਚ ਸੇਵਾ ਪਾ ਲਵੋ ਅਤੇ ਹਮੇਸ਼ਾਂ ਮਾਲਿਕ ਨੂੰ ਆਪਣੇ ਮਨ ਦੇ ਵਿੱਚ ਚੇਤੇ ਰੱਖੋ। ਗੁਰਬਾਣੀ ਵਿੱਚ ਦਰਜ ਹੈ ਕਿ

*ਅਠਸਠਿ ਤੀਰਥ ਸਗਲ ਪੁੰਨ*

*ਜੀਅ ਦਇਆ ਪਰਵਾਨੁ ॥ (ਅੰਗ 136)*

ਕਿਸੇ ਬੇਸਹਾਰੇ, ਲੋੜਵੰਦ, ਨਿਮਾਣੇ ਦੀ ਮਦਦ ਕਰਨ ਨਾਲ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਮਿਲਦਾ ਹੈ। ਇਹ ਫਲ ਵੱਖਰਾ ਹੈ ਲੇਕਿਨ ਸਿਮਰਨ ਦਾ ਫਲ ਬਹੁਤ ਉੱਤਮ ਹੈ। ਜਿਸ ਤਰ੍ਹਾਂ ਅਸੀਂ ਪਰਿਵਾਰ ਅਤੇ ਦੁਨਿਆਵੀ ਕੰਮਾਂ ਵਾਸਤੇ ਸਭ ਕੁਝ ਕਰਦੇ ਹਾਂ ਇਸੇ ਤਰ੍ਹਾਂ ਸਾਨੂੰ ਆਪਣੀ ਆਤਮਾ ਵਾਸਤੇ ਹਰ ਰੋਜ ਸਿਮਰਨ ਕਰਨਾ ਚਾਹੀਦਾ ਹੈ।

**ਹਰਿ ਕੀਰਤਨ ਕਾ ਆਹਰੋ**

**ਹਰਿ ਦੇਹੁ ਨਾਨਕ ਕੇ ਮੀਤ ॥੧॥**

ਹਜ਼ੂਰ ਫੁਰਮਾਉਂਦੇ ਹਨ ਕਿ ਰੋਜ ਰੋਜ ਸਿਮਰਨ ਕਰਨ ਦੇ ਨਾਲ ਨਾਲ ਕੀਰਤਨ ਸੁਣਨ ਦਾ ਚਾਅ ਵੀ ਹੋਣਾ ਚਾਹੀਦਾ ਹੈ। ਇਸੇ ਕਰਕੇ ਇਸ ਸੰਸਥਾ ਵਿੱਚ ਖਾਸ ਸਮਾਗਮਾਂ 'ਤੇ ਕੀਰਤ ਅਤੇ ਕੀਰਤਨ ਦੋਵੇਂ ਹੀ ਹੁੰਦੇ ਹਨ ਜਿਸ ਬਾਰੇ ਕਿਸੇ ਨੂੰ ਸ਼ੰਕਾ ਨਹੀਂ ਹੋਣਾ ਚਾਹੀਦਾ। ਦੋਵਾਂ ਦੀ ਵੱਖਰੀ ਵੱਖਰੀ ਮਹੱਤਤਾ ਅਤੇ ਫਲ ਹੈ।

**ਮ: ੫ ॥**

**ਦ੍ਰਿਸਟਿ ਧਾਰਿ ਪ੍ਰਭਿ ਰਾਖਿਆ**

**ਮਨੁ ਤਨੁ ਰਤਾ ਮੂਲਿ ॥**

अगर असीं सिमरन करदे हां उह वी ताकत दी द्रिसटी

ਅਗਰ ਅਸੀਂ ਸਿਮਰਨ ਕਰਦੇ ਹਾਂ ਉਹ ਵੀ ਤਾਕਤ ਦੀ ਦ੍ਰਿਸਟੀ ਵਿੱਚ ਸਭ ਤੋਂ ਉੱਤਮ ਆਉਂਦਾ ਹੈ। ਅਗਰ ਲੋੜਵੰਦਾਂ ਦੀ ਸੇਵਾ ਕਰਦੇ ਹਾਂ ਉਹ ਵੀ ਦ੍ਰਿਸ਼ਟੀ ਵਿੱਚ ਆ ਜਾਂਦਾ ਹੈ। ਇਸ ਤਰ੍ਹਾਂ ਅਸੀਂ ਜੋ ਵੀ ਕੰਮ ਕਰਦੇ ਹਾਂ ਉਹ ਮਾਲਿਕ ਦੀ ਦ੍ਰਿਸ਼ਟੀ ਵਿੱਚ ਹੁੰਦਾ ਹੈ। ਹਰ ਜੀਵ ਸੋਚਦਾ ਹੈ ਕਿ ਮੈਂ ਸੇਵਾ ਦੇ ਕੇ ਮਾਲਿਕ ਦੀ ਦ੍ਰਿਸ਼ਟੀ ਵਿੱਚ ਆ ਜਾਵਾਂ ਤਾਂਕਿ ਮੇਰੀ ਸੇਵਾ ਸਫਲ ਹੋ ਜਾਵੇ।

**ਨਾਨਕ ਜੋ ਪ੍ਰਭ ਭਾਣੀਆ**
**ਮਰਉ ਵਿਚਾਰੀ ਸੂਲਿ ॥੨॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ

*ਮਰੋ ਅਤੇ ਮਰਨਾ ਸਿੱਖੋ,*
*ਜੀਓ ਅਤੇ ਜਿਉਣ ਦਿਓ।*

ਤਥਾ

*ਕਬੀਰ ਮਰਤਾ ਮਰਤਾ ਜਗੁ ਮੂਆ*
*ਮਰਿ ਭੀ ਨ ਜਾਨਿਆ ਕੋਇ॥*
*ਐਸੇ ਮਰਨੇ ਜੋ ਮਰੈ*
*ਬਹੁਰਿ ਨ ਮਰਨਾ ਹੋਇ॥੨੯॥ (ਅੰਗ 1365)*

ਅਗਰ ਜੀਵ ਕੋਈ ਵੀ ਸੇਵਾ ਕਰਦਾ ਹੈ ਉਹ ਦਲੇਰੀ ਨਾਲ ਹੀ ਕੀਤੀ ਜਾਂਦੀ ਹੈ।

*ਤੁਅੰਗਰੀ-ਬ-ਦਿਲ ਅਸਤ ਨਾ ਕਿ ਮਾਲ।*

ਦਲੇਰੀ ਦਿਲ ਨਾਲ ਹੁੰਦੀ ਹੈ। ਅਮੀਰੀ ਜਾਂ ਪੈਸਿਆਂ ਨਾਲ ਦਲੇਰੀ ਨਹੀਂ ਹੁੰਦੀ। ਕਈ ਜੀਵ ਬਹੁਤ ਅਮੀਰ ਹੁੰਦੇ ਹਨ ਪਰ ਉਹ ਪੈਸੇ ਨਹੀਂ ਖਰਚ ਸਕਦੇ। ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਖਿਲਾ ਦੇ ਪਿਲਾ ਦੇ ਲੁਟਾ ਦੇ ਬਣਾ ਲੇ ਅਪਨਾ ਕਾਮ।*
*ਚਲਤੀ ਨਦੀਆ ਬਹਿ ਰਹੀ ਸਾਥ ਨ ਚਾਲੇ ਦਾਮ।*

ਦੁਨਿਆਵੀਂ ਕਾਰੋਬਾਰ ਨੇ ਨਾਲ ਨਹੀਂ ਜਾਣਾ। ਸੰਸਥਾ ਵਿੱਚ ਜੋ ਵੀ ਬਿਲਡਿੰਗਾਂ ਬਣੀਆਂ ਹਨ ਉਹ ਸੰਗਤ ਦੀ ਸੇਵਾ ਨਾਲ ਬਣੀਆਂ ਹਨ। ਹਜ਼ੂਰ ਦੀ ਦ੍ਰਿਸ਼ਟੀ ਵਿੱਚ ਸਭ ਕੁਝ ਹੈ ਕਿ ਕਿਸ ਨੇ ਸੇਵਾ ਕੀਤੀ ਹੈ।

ਹਜ਼ੂਰ ਕਿਰਪਾ ਕਰਨ। ਜਿਹੜੀ ਜਿਹੜੀ ਸੰਗਤ ਨੇ ਸੇਵਾ ਪਾਈ ਹੈ ਹਜ਼ੂਰ ਸਭ ਦੀ ਸੇਵਾ ਥਾਂਇ ਪਾਉਣ। ਇਕ ਤੋਂ ਅਨੇਕ ਕਰਨ। ਕਾਰੋਬਾਰਾਂ ਵਿੱਚ ਵਾਧੇ ਬਖਸ਼ ਕੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

# ਸਤਿਸੰਗ

**ਰਾਗ ਆਸਾ ਬਾਣੀ ਸ੍ਰੀ ਕਬੀਰ ਜੀਉ ਕੀ**

**(ਅੰਗ 481)**

**॥ ਆਸਾ ॥**
**ਲੰਕਾ ਸਾ ਕੋਟੁ ਸਮੁੰਦੁ ਸੀ ਖਾਈ॥**
**ਤਿਹ ਰਾਵਨ ਘਰ ਖਬਰਿ ਨ ਪਾਈ॥ ੧॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਸੰਤ ਕਬੀਰ ਸਾਹਿਬ ਜੀ ਪੂਰਨ ਸੰਤ ਸਤਿਗੁਰੂ ਸਾਨੂੰ ਸਿੱਖਿਆ ਦੇਣ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਬਹੁਤ ਵੱਡੇ-ਵੱਡੇ ਰਾਜੇ ਮਹਾਰਾਜੇ ਇਸ ਦੁਨੀਆਂ ਵਿੱਚ ਆਏ। ਰਾਵਣ ਨੂੰ ਚਾਰ ਵੇਦ, ਛੇ ਸ਼ਾਸ਼ਤਰ ਅਤੇ ਅਠਾਰਾਂ ਪੁਰਾਣਾਂ ਦਾ ਗਿਆਨ ਸੀ। ਮਾਤਾ ਪਾਰਬਤੀ ਜੀ ਨੇ ਸ਼ਿਵ ਜੀ ਮਹਾਰਾਜ ਨੂੰ ਕਿਹਾ ਕਿ ਐਸੇ ਥਾਂ ਉਤੇ ਘਰ ਬਣਾਓ ਜਿੱਥੇ ਸਾਨੂੰ ਬਹੁਤੇ ਲੋਕ ਮਿਲਣ ਵਾਸਤੇ ਨਾ ਆ ਸਕਣ। ਸ਼ਿਵ ਜੀ ਮਹਾਰਾਜ ਨੇ ਸਮੁੰਦਰ ਦੀ ਖਾਈ ਵਿੱਚ ਘਰ ਬਣਾਉਣ ਵਾਸਤੇ ਜਗ੍ਹਾ ਚੁਣ ਲਈ ਅਤੇ ਭਗਵਾਨ ਵਿਸ਼ਵਕਰਮਾ ਜੀ ਨੂੰ ਕਿਹਾ ਕਿ ਸਾਨੂੰ ਉਥੇ ਘਰ ਬਣਾ ਦਿਓ। ਸ਼ਿਵ ਜੀ ਮਹਾਰਾਜ ਦੇ 25-30 ਗੇੜੇ ਲਗਵਾਉਣ ਤੋਂ ਬਾਅਦ ਇੱਕ ਦਿਨ ਭਗਵਾਨ ਵਿਸ਼ਵਕਰਮਾ ਜੀ ਕਹਿਣ ਲੱਗੇ ਚਲੋ ਤੁਹਾਡੀ ਰਿਹਾਇਸ਼ ਵਾਸਤੇ ਮਕਾਨ ਬਣਾ ਦੇਈਏ। ਤੁਸੀਂ ਮੈਨੂੰ ਦੱਸ ਦਿਓ ਕਿ ਕਿੱਥੇ ਬਣਾਉਣਾ ਹੈ। ਪਰ ਇੱਕ ਸ਼ਰਤ ਹੈ ਕਿ ਜਿੱਥੇ ਬਣਾਉਣਾ ਹੈ ਉਥੇ ਤੁਸੀਂ ਮੇਰੇ ਅੱਗੇ ਅੱਗੇ ਤੁਰੇ ਜਾਣਾ ਅਤੇ ਪਿੱਛੇ ਮੁੜ ਕੇ ਨਾ ਦੇਖਣਾ। ਜਦੋਂ ਤੁਸੀਂ ਪਿੱਛੇ ਮੁੜ ਕੇ ਦੇਖ ਲਿਆ ਤਾਂ ਬਿਲਡਿੰਗ ਬਣਨੀ ਉੱਥੇ ਹੀ ਰੁਕ ਜਾਵੇਗੀ। ਮਾਤਾ ਪਾਰਬਤੀ ਜੀ ਤੁਰਦੇ ਰਹੇ ਪਰ ਇੱਕ ਥਾਂ 'ਤੇ ਜਾ ਕੇ ਸੋਚਿਆ ਕਿ ਮੈਂ ਪਿੱਛੇ ਮੁੜ ਕੇ ਦੇਖ ਤਾਂ ਲਵਾਂ ਕਿ ਕੁਝ ਬਣ ਵੀ ਰਿਹਾ ਹੈ ਜਾਂ ਨਹੀਂ। ਜਿਉਂ ਹੀ ਉਹਨਾਂ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਬਿਲਡਿੰਗ (ਲੰਕਾ) ਬਣਨੀ ਉਥੇ ਹੀ ਰੁਕ ਗਈ ਅਤੇ ਉਹ ਥਾਂ ਖਾਲੀ ਰਹਿ ਗਿਆ। ਬਾਅਦ ਵਿੱਚ ਉਥੋਂ ਦੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਦੀ ਸੈਨਾ ਅਤੇ ਹਨੂੰਮਾਨ ਜੀ ਅੰਦਰ ਦਾਖਲ ਹੋਏ। ਜਦੋਂ ਲੰਕਾ ਬਣ ਗਈ ਤਾਂ ਪੰਡਿਤਾਂ ਨੂੰ ਸੱਦ ਕੇ ਭੋਜਨ ਖੁਆਇਆ ਗਿਆ। ਬਾਕੀ ਸਾਰੇ ਪੰਡਿਤ ਦੱਛਣਾ ਲੈ ਕੇ ਚਲੇ ਗਏ ਪਰ ਰਾਵਣ ਕਹਿਣ ਲੱਗਾ ਕਿ ਮੈਂ ਦੰਦ ਘਸਾਈ ਦੀ ਦੱਛਣਾ ਸ਼ਿਵ ਜੀ ਮਹਾਰਾਜ ਕੋਲੋਂ ਹੀ ਲਵਾਂਗਾ। ਉਹ ਸ਼ਿਵ ਜੀ ਮਹਾਰਾਜ ਨੂੰ ਕਹਿਣ ਲੱਗਾ ਕਿ ਤੁਸੀਂ ਭਗਵਾਨ ਹੋ ਤੁਸੀਂ ਹੋਰ

ਘਰ ਬਣਾ ਲਵੋਗੇ ਇਸ ਕਰਕੇ ਦੱਛਣਾ ਵਿੱਚ ਮੈਨੂੰ ਇਹ ਘਰ ਦੇ ਦਿਓ। ਰਾਵਣ ਬਹੁਤ ਗਿਆਨੀ ਸੀ ਉਸ ਨੇ ਇੰਝ ਹੀ ਸਭ ਕੁਝ ਲੈ ਲਿਆ। ਰਾਵਣ ਨੇ ਲੰਕਾ ਦੀ ਕਿਲਾ ਬੰਦੀ ਕਰਵਾ ਲਈ। ਉਸ ਨੇ ਸਮੁੰਦਰ ਦੀ ਖਾਈ ਵਿੱਚ ਐਸੀ ਲੰਕਾ ਬਣਾ ਲਈ ਪਰ ਉਸ ਨੂੰ ਪਤਾ ਹੀ ਨਹੀਂ ਸੀ ਕਿ ਮੇਰੇ ਘਰ ਵਿੱਚ ਕੀ ਹੋਣ ਵਾਲਾ ਹੈ। ਰਾਵਣ ਮਾਤਾ ਸੀਤਾ ਜੀ ਨੂੰ ਉਠਾ ਕੇ ਲੈ ਗਿਆ ਸੀ। ਮਾਤਾ ਸੀਤਾ ਜੀ ਜਿਸ ਧਨੁਸ਼ ਨੂੰ ਇੱਕ ਹੱਥ ਨਾਲ ਚੁੱਕ ਕੇ ਝਾੜੂ ਲਾਇਆ ਕਰਦੇ ਸਨ ਉਹ ਧਨੁਸ਼ ਰਾਵਣ ਕੋਲੋਂ ਚੁੱਕਿਆ ਨਹੀਂ ਸੀ ਗਿਆ, ਫੇਰ ਰਾਵਣ ਨੇ ਮਾਤਾ ਸੀਤਾ ਜੀ ਨੂੰ ਕਿਸ ਤਰ੍ਹਾਂ ਚੁੱਕ ਲਿਆ?

ਰਾਵਣ ਨੇ ਰਿਸ਼ੀਆਂ ਮੁਨੀਆਂ ਦਾ ਖੂਨ ਕੱਢਿਆ ਸੀ ਅਤੇ ਉਹਨਾਂ ਨੇ ਸਰਾਫ਼ ਦੇ ਦਿੱਤਾ ਗਿਆ ਸੀ ਕਿ ਜਿੱਥੇ ਵੀ ਸਾਡਾ ਇਹ ਖੂਨ ਜਾਵੇਗਾ ਉਥੇ ਕਾਲ ਪੈ ਜਾਵੇਗਾ। ਸਭ ਕੁਝ ਦਾ ਨਾਸ਼ ਹੋ ਜਾਵੇਗਾ। ਤਦ ਰਾਵਣ ਨੇ ਉਹ ਘੜਾ ਜਨਕ ਰਾਜੇ ਦੀ ਨਗਰੀ ਵਿੱਚ ਦਬਾ ਦਿੱਤਾ। ਉਥੇ ਕਾਲ ਪੈ ਗਿਆ ਤਾਂ ਜਨਕ ਰਾਜੇ ਨੇ ਸੋਨੇ ਦੀ ਹੱਲ ਲੈ ਕੇ ਖੇਤ ਨੂੰ ਵਾਹਿਆ। ਉਸ ਖੇਤ ਵਿੱਚੋਂ ਉਹ ਘੜਾ ਮਿਲਿਆ ਅਤੇ ਉਸ ਵਿਚੋਂ ਮਾਤਾ ਸੀਤਾ ਜੀ ਪ੍ਰਗਟ ਹੋਈ। ਫੇਰ ਰਾਵਣ ਅਗਰ ਮਾਤਾ ਸੀਤਾ ਜੀ ਨੂੰ ਚੁੱਕ ਕੇ ਨਾ ਖੜਦਾ ਤਾਂ ਉਸ ਦਾ ਸਰਵਨਾਸ਼ ਨਹੀਂ ਹੋਣਾ ਸੀ।

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉਹ ਬਹੁਤ ਮਜਬੂਤ ਕਿਲ੍ਹਾ ਨੁਮਾ ਲੰਕਾ ਸੀ। ਲੇਕਿਨ ਰਾਵਣ ਨੂੰ ਪਤਾ ਹੀ ਨਹੀਂ ਸੀ ਕਿ ਇਸ ਲੰਕਾ ਵਿੱਚ ਕੀ ਹੋਣ ਵਾਲਾ ਹੈ।

**ਕਿਆ ਮਾਗਉ ਕਿਛੁ ਥਿਰੁ ਨ ਰਹਾਈ॥**

**ਦੇਖਤ ਨੈਨ ਚਲਿਓ ਜਗੁ ਜਾਈ॥੧॥ ਰਹਾਉ॥**

ਹਜ਼ੂਰ ਕਬੀਰ ਸਾਹਿਬ ਜੀ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਮੈਂ ਕਿਹੜੀ ਚੀਜ ਮੰਗਾਂ? ਕੋਈ ਵੀ ਵਸਤੂ ਇਥੇ ਰਹਿਣ ਵਾਲੀ ਨਹੀਂ ਹੈ।

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਮੈਂ ਕੀ ਮੰਗਾਂ? ਰਾਵਣ ਨੇ ਐਨਾ ਕੁਝ ਮੰਗ ਲਿਆ ਸੀ ਕਿ

**ਇਕੁ ਲਖੁ ਪੂਤੁ ਸਵਾ ਲਖੁ ਨਾਤੀ॥**

**ਤਿਹ ਰਾਵਨ ਘਰ ਦੀਆ ਨ ਬਾਤੀ॥੨॥**

ਰਾਵਣ ਦੇ ਇੱਕ ਲੱਖ ਪੁੱਤਰ ਸਨ ਅਤੇ ਸਵਾ ਲੱਖ ਪੋਤਰੇ ਸਨ ਲੇਕਿਨ ਅਖੀਰਲੇ ਸਮੇਂ ਉਸ ਲੰਕਾ ਵਿੱਚ ਕੋਈ ਦੀਵਾ ਜਗਾਉਣ ਵਾਲਾ ਬੰਦਾ ਨਹੀਂ ਸੀ ਰਿਹਾ।

**ਚੰਦੁ ਸੂਰਜੁ ਜਾ ਕੇ ਤਪਤ ਰਸੋਈ॥**

**ਬੈਸੰਤਰੁ ਜਾ ਕੇ ਕਪਰੇ ਧੋਈ॥੩॥**

ਰਾਵਣ ਨੇ ਚੰਦਰਮਾ, ਸੂਰਜ, ਮੇਘਲਾ ਅਰਥਾਤ ਇੰਦਰ ਭਗਵਾਨ ਨੂੰ ਵੀ ਜਿੱਤ ਲਿਆ ਸੀ। ਬਾਲੀ ਵਿੱਚ ਬਹੁਤ ਸ਼ਕਤੀ ਆ ਜਾਂਦੀ ਸੀ ਸ੍ਰੀ ਰਾਮ ਚੰਦਰ ਜੀ ਨੇ ਉਸ ਨੂੰ ਛੁਪ ਕੇ ਤੀਰ ਮਾਰਿਆ ਸੀ। ਬਾਲੀ ਨੂੰ ਵਰਦਾਨ ਸੀ ਕਿ ਉਹ ਜਿਸ ਵੱਲ ਵੀ ਵੇਖ ਲੈਂਦਾ ਸੀ ਉਸੇ ਦੀ ਅੱਧੀ ਸ਼ਕਤੀ ਉਸ ਵਿੱਚ ਆ ਜਾਂਦੀ ਸੀ। ਸਭ ਦੇਵੀ ਦੇਵਤੇ ਉਸ ਦੀ ਪੂਜਾ ਕਰਦੇ ਸਨ ਪਰ ਅਖੀਰ ਵਿੱਚ ਉਸ ਨੂੰ ਪਤਾ ਨਹੀਂ ਲੱਗਾ ਕਿ ਕੀ ਹੋ ਗਿਆ?

**ਗੁਰਮਤਿ ਰਾਮੈ ਨਾਮਿ ਬਸਾਈ॥**

**ਅਸਥਿਰੁ ਰਹੈ ਨ ਕਤਹੂੰ ਜਾਈ॥੪॥**

ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਤੁਸੀਂ ਰੱਬ ਦਾ ਨਾਮ ਸੁਣੋਗੇ, ਕੀਰਤਨ ਅਤੇ ਕਥਾ ਸੁਣੋਗੇ ਤਾਂ ਉਹ ਤੁਹਾਡਾ ਸਥਿਰ ਰਹੇਗਾ।

ਅਸੀਂ ਤੁਹਾਨੂੰ ਬਾਰ ਬਾਰ ਦੱਸਦੇ ਹਾਂ ਕਿ ਜਿਸ ਕੁਲ ਵਿੱਚ ਭਗਤੀ ਆਉਂਦੀ ਹੈ ਜਾਂ ਕੋਈ ਅਮੀਰ ਆਦਮੀ ਹੈ ਉਸ ਦਾ ਪੈਸਾ ਤਿੰਨ ਪੀੜੀਆਂ ਤੱਕ ਸਥਿਰ ਰਹਿੰਦਾ ਹੈ। ਫੇਰ ਜਿੱਥੇ ਬੰਦਗੀ ਨਾ ਹੋਵੇ ਉਥੋਂ ਖਤਮ ਹੋ ਜਾਂਦਾ ਹੈ। ਆਪੋ ਆਪਣੇ ਮਜਹਬ ਅਤੇ ਇਸ਼ਟ ਮੁਤਾਬਿਕ ਬੰਦਗੀ ਕਰੋ। ਕਿਉਂਕਿ

*ਅਪਨੇ ਅਪਨੇ ਇਸ਼ਟ ਕੀ ਸਭੀ ਬਧਾਵੇਂ ਟੇਕ।*

*ਰਘੁਵਰ ਨਿਸ਼ਾਨਾ ਏਕ ਹੈ ਤੀਰ ਅੰਦਾਜ ਅਨੇਕ।*

ਸੋਈ ਜਦੋਂ ਤੱਕ ਬੰਦਗੀ ਹੋਵੇਗੀ ਉਦੋਂ ਤੱਕ ਸਭ ਕੁਛ ਕਾਇਮ ਰਹੇਗਾ। ਜਦੋਂ ਬੰਦਗੀ ਖਤਮ ਹੋ ਜਾਵੇ ਫੇਰ ਕੋਈ ਵੀ ਚੀਜ ਬਚਦੀ ਨਹੀਂ ਹੈ।

**ਕਹਤ ਕਬੀਰ ਸੁਨਹੁ ਰੇ ਲੋਈ॥**

**ਰਾਮ ਨਾਮ ਬਿਨੁ ਮੁਕਤਿ ਨ ਹੋਈ॥੫॥੮॥੨੧॥**

ਐ ਦੁਨੀਆਂ ਦੇ ਲੋਕੋ! ਅਤੇ ਲੋਈ! ਸਤਿਗੁਰ ਦੀ ਬਖਸ਼ਿਸ਼ ਅਤੇ ਬੰਦਗੀ ਤੋਂ ਬਗੈਰ ਮੁਕਤੀ ਨਹੀਂ ਹੁੰਦੀ। ਬਾਕੀ ਰਾਜ ਭਾਗ ਵੀ ਬੰਦਗੀ ਤੋਂ ਬਗੈਰ ਨਹੀਂ ਰਹਿੰਦੇ।

*ਤਪੋਂ ਰਾਜ ਰਾਜੋਂ ਨਰਕ।*

ਐਸਾ ਬਹੁਤ ਕੁਝ ਹੁੰਦਾ ਆਇਆ ਹੈ। ਇਸ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਹੋਣਾ ਚਾਹੀਦਾ। ਪਰ ਬੰਦਗੀ ਕਰਨ ਤੋਂ ਬਾਅਦ ਜੀਵ ਦੀ ਪੁਜੀਸ਼ਨ ਕਈ ਪੀੜ੍ਹੀਆਂ ਤੱਕ ਕਾਇਮ ਰਹਿੰਦੀ ਹੈ।

# ਸਤਿਸੰਗ

**॥ ਸਲੋਕ ਮ: ੫ ॥ (ਅੰਕ 959)**

**ਹਰਣਾਖੀ ਕੂ ਸਚੁ ਵੈਣੁ ਸੁਣਾਈ ਜੋ ਤਉ ਕਰੇ ਉਧਾਰਣੁ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਨ ਕਰ ਰਹੇ ਹਨ ਕਿ ਜਿਸ ਉੱਪਰ ਉਸ ਅਕਾਲ ਪੁਰਖ ਵਾਹਿਗੁਰੂ ਨੇ ਬਖਸ਼ਿਸ਼ ਅਤੇ ਰਹਿਮਤ ਕਰਨੀ ਹੁੰਦੀ ਹੈ ਉਸ ਨੂੰ ਆਪਣੇ ਕੋਲ ਸੱਦ ਕੇ ਬਾਣੀ ਦੇ ਬਚਨ ਸੁਣਾ ਦਿੰਦੇ ਹਨ। ਜਿਸ ਤਰ੍ਹਾਂ ਗਣਕਾ ਵੇਸਵਾ ਨੇ ਤੋਤੇ ਕੋਲੋਂ ਰਾਮ ਰਾਮ ਸੁਨਿਆ ਸੀ ਅਤੇ ਉਹ ਬਖਸ਼ੀ ਗਈ। ਅਜਾਮਲ ਪਾਪੀ ਨੂੰ ਸਾਧੂਆਂ ਨੇ ਬਚਨ ਦਿੱਤੇ ਕਿ ਆਪਣੇ ਪੁੱਤਰ ਦਾ ਨਾਮ ਨਰਾਇਣੁ ਰੱਖ ਲੈ। ਉਹ ਆਪਣੇ ਪੁੱਤਰ ਦਾ ਨਾਮ ਲੈ ਕੇ ਬਖਸ਼ਿਆ ਹੀ ਗਿਆ। ਜਿਸ ਤਾਕਤ ਨੇ ਇਸ ਦੁਨੀਆਂ ਦੀ ਰਚਨਾ ਕੀਤੀ ਹੈ ਉਹ ਦੇਖਦੀ ਹੈ ਕਿ ਇਹ ਬੰਦਾ ਭਟਕ ਜਾਂ ਭੁੱਲ ਗਿਆ ਹੈ। ਉਸ ਨੂੰ ਭਗਤੀ ਮਾਰਗ ਵਿੱਚ ਲਿਆਉਣ ਵਾਸਤੇ ਉਸ ਨੂੰ ਕਹਿੰਦੇ ਹਨ ਕਿ ਪਹਿਲਾਂ ਤੂੰ ਗੁਰਬਾਣੀ ਦੇ ਬਚਨ ਸੁਣ ਫੇਰ ਤੇਰੇ ਨਾਲ ਬਾਕੀ ਗੱਲ ਹੋਵੇਗੀ।

**ਸੁੰਦਰ ਬਚਨ ਤੁਮ ਸੁਣਹੁ ਛਬੀਲੀ**

**ਪਿਰੁ ਤੈਡਾ ਮਨ ਸਾਧਾਰਣੁ ॥**

ਹਜ਼ੂਰ ਫੁਰਮਾਉਂਦੇ ਹਨ ਕਿ ਤੁਸੀਂ ਪਹਿਲਾਂ ਆਪਣੀ ਆਤਮਾ ਅਤੇ ਮਨ ਨੂੰ ਸਮਝਾਵੋ ਕਿ ਪਹਿਲਾਂ ਤੂੰ ਗੁਰਬਾਣੀ ਦੇ ਸੁੰਦਰ ਬਚਨ ਤਾਂ ਸੁਣ। ਉਹ ਛਬੀਲਾ ਅਤੇ ਚੋਜੀ ਪ੍ਰੀਤਮ ਹੈ ਤੂੰ ਪਹਿਲਾਂ ਉਸ ਦੇ ਬਚਨ ਸੁਣ ਅਤੇ ਉਹਨਾਂ ਉੱਪਰ ਅਮਲ ਕਰ। ਫੇਰ ਉਹ ਸਾਰੀਆਂ ਖੁਸ਼ੀਆਂ ਬਖਸ਼ਦੇ ਹਨ।

**ਦੁਰਜਨ ਸੇਤੀ ਨੇਹੁ ਰਚਾਇਓ ਦਸਿ ਵਿਖਾ ਮੈ ਕਾਰਣੁ ॥**

ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਤੁਸੀਂ ਦੁਰਜਨ ਦੀ ਸੰਗਤ ਕਰੋਗੇ ਤਾਂ ਉਹ ਤੁਹਾਡੇ ਖੇਦ ਕਰਮ ਦਾ ਇੱਕ ਕਾਰਨ ਬਣ ਜਾਂਦਾ ਹੈ। ਉਹ ਤੁਹਾਨੂੰ ਰਹਿਮਤ ਤੋਂ ਦੂਰ ਲੈ ਜਾਂਦਾ ਹੈ। ਫੇਰ ਉਸ ਜੀਵ ਦਾ ਮਨ ਆਪਣੇ ਆਪ ਹੀ ਐਸਾ ਉਕਤਾ ਜਾਂਦਾ ਹੈ ਕਿ ਜਿਸ ਮਾਲਿਕ ਪਿੱਛੇ ਉਹ ਜਾਨ ਦੇਣ ਲਈ ਤਿਆਰ ਰਹਿੰਦਾ ਸੀ ਉਸ ਤੋਂ ਪਿੱਛੇ ਹੋ ਜਾਂਦਾ ਹੈ।

**ਊਣੀ ਨਾਹੀ ਝੂਣੀ ਨਾਹੀ ਨਾਹੀ ਕਿਸੈ ਵਿਹੂਣੀ ॥**

ਸਾਡੀ ਜ਼ਿੰਦਗੀ ਦਾ ਵੀ ਤਜਰਬਾ ਹੈ ਕਿਉਂਕਿ 19-12-1981 ਨੂੰ ਸਾਡੇ ਹਜ਼ੂਰ ਨੇ ਚੋਲਾ ਛੱਡਿਆ ਸੀ। ਉਦੋਂ ਤੋਂ ਹੀ ਮਾਲਿਕ ਨੇ ਸਾਨੂੰ ਇਹ ਸੇਵਾ ਬਖਸ਼ੀ ਹੋਈ ਹੈ। ਹੁਣ ਸਾਨੂੰ ਸੈਂਤੀ ਸਾਲ ਹੋ ਗਏ ਹਨ। ਇਹ ਯਸ਼ ਕਰਦਿਆਂ-ਕਰਦਿਆ ਹਜ਼ੂਰ ਨੇ ਸਾਨੂੰ ਸੋਝੀ ਬਖਸ਼ੀ ਹੈ ਕਿ ਐ ਮਨਾ! ਤੂੰ ਕਿਸੇ ਨੂੰ ਗਲਤ ਕਿਉਂ ਕਹਿੰਦਾ ਏਂ? ਸਗੋਂ ਉਸ ਨੂੰ ਕਹੀਏ ਕਿ ਤੂੰ ਆਪਣੇ ਥਾਂ ਰਾਜ਼ੀ ਰਹਿ ਅਸੀਂ ਆਪਣੀ ਥਾਂ ਰਾਜੀ ਰਹੀਏ। ਐਸਾ ਨਹੀਂ ਕਿ ਉਹਨਾਂ ਨੂੰ ਕੋਈ ਕਮੀ ਜਾਂ ਡਰ ਹੁੰਦਾ ਹੈ ਜਾਂ ਭੈ ਹੁੰਦਾ ਹੈ। ਚਾਹੇ ਕੋਈ ਰਾਜਾ, ਮਹਾਰਾਜਾ, ਚੀਫ਼ ਮਨਿਸਟਰ ਜਾਂ ਪ੍ਰਾਈਮ ਮਨਿਸਟਰ ਹੋਵੇ ਉਹਨਾਂ ਨੂੰ ਕਿਸੇ ਦਾ ਡਰ ਨਹੀਂ ਹੁੰਦਾ ਕਿਉਂਕਿ

*ਇਕ ਬਾਹ ਗੁਰੂ ਕੀ ਲਖ ਬਾਹ ਕਿਆ ਹੋਇ।*

ਇਸ ਕਰਕੇ ਕੋਈ ਵੀ ਜੀਵ ਇਹ ਨਾ ਸੋਚੇ ਕਿ ਮੈਂ ਉੱਚੇ ਅਹੁਦੇ 'ਤੇ ਹਾਂ ਇਸ ਕਰਕੇ ਮੇਰੇ ਕੋਲੋਂ ਉਹ ਤਾਕਤ ਡਰਦੀ ਹੈ। ਉਹ ਤਾਕਤ ਸੰਪੂਰਨ ਹੈ। ਜਦੋਂ ਉਹ ਆਹਿਸਤਾ ਆਹਿਸਤਾ ਗੁਰਬਾਣੀ ਅੱਗੇ ਬੇਨਤੀਆਂ ਕਰਦੇ ਰਹਿੰਦੇ ਹਨ ਜਾਂ ਯਸ਼ ਕਰਨ ਨਾਲ ਜੋ ਤਜਰਬਾ ਹੁੰਦਾ ਹੈ ਮਾਲਿਕ ਉਹਨਾਂ ਨੂੰ ਸਮਝਾ ਦਿੰਦੇ ਹਨ ਕਿ ਤੂੰ ਕਿਸੇ ਨਾਲ ਵੀ ਫਿੱਕਾ ਨਾ ਬੋਲ। ਕਿਉਂਕਿ

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥*

*(ਅੰਗ 473)*

ਫਿੱਕਾ ਬੋਲਣ ਨਾਲ ਮਨ ਅਤੇ ਤਨ ਦੋਨੋਂ ਹੀ ਫਿੱਕੇ ਹੋ ਜਾਂਦੇ ਹਨ। ਇਸ ਕਰਕੇ ਉਸ ਤੋਂ ਪਿੱਛੇ ਹਟ ਜਾਵੋ। ਅਗਰ ਤੁਸੀਂ ਕਿਸੇ ਨਾਲ ਗਾਲੀ-ਗਲੋਚ ਕਰਕੇ ਪਿੱਛੇ ਹਟੋਗੇ ਉਸ ਦਾ ਕੀ ਲਾਭ ਹੋਵੇਗਾ? ਇਸ ਕਰਕੇ ਚੁੱਪ ਚੁਪੀਤੇ ਪਿੱਛੇ ਹਟ ਜਾਵੋ। ਤਦ ਉਹ ਆਪਣੇ ਘਰ ਰਾਜ਼ੀ ਅਤੇ ਤੁਸੀਂ ਆਪਣੇ ਘਰ ਰਾਜੀ। ਵਰਨਾ

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ (ਅੰਗ 134)*

ਜਿਸ ਤਰ੍ਹਾਂ ਅਗਰ ਤੁਸੀਂ ਕਿਸੇ ਨੂੰ ਚਿੱਠੀ ਲਿਖਦੇ ਹੋ ਅਤੇ ਉਹ ਚਿੱਠੀ ਨਹੀਂ ਲੈਂਦਾ ਤਾਂ ਉਹ ਚਿੱਠੀ ਮੁੜ ਕੇ ਤੁਹਾਡੇ ਕੋਲ ਆ ਜਾਂਦੀ ਹੈ। ਜਦੋਂ ਤੁਸੀਂ ਕਿਸੇ ਨੂੰ ਮਾੜਾ ਕਹਿੰਦੇ ਹੋ ਅਤੇ ਉਹ ਅੱਗਿਓਂ ਜੁਆਬ ਨਹੀਂ ਦਿੰਦਾ ਤਾਂ ਉਹ ਬੋਲ ਤੁਹਾਡੇ ਕੋਲ ਵਾਪਿਸ ਆ ਜਾਂਦੇ ਹਨ। ਜਦੋਂ ਤੁਸੀਂ ਕਿਸੇ ਵੱਲ ਉਂਗਲ ਕਰਦੇ ਹੋ ਤਾਂ ਤੁਹਾਡੀਆਂ ਤਿੰਨ ਉਂਗਲਾਂ ਅਤੇ ਇੱਕ ਅੰਗੂਠਾ ਤੁਹਾਡਾ ਹੀ ਵਿਰੋਧ ਕਰ ਰਿਹਾ ਹੁੰਦਾ ਹੈ। ਅਗਰ ਘਸੁੰਨ ਵੱਟੋਗੇ ਤਦ ਸਾਰੀਆਂ ਉਂਗਲਾ ਤੁਹਾਡਾ ਵਿਰੋਧ ਕਰਦੀਆਂ ਹਨ। ਜੇਕਰ ਤੁਸੀਂ ਹੱਥ ਜੋੜ ਦਿਉਗੇ ਫੇਰ ਉਹ ਤੁਹਾਡੇ ਉਲਟ ਨਹੀਂ ਹੋ ਸਕਦਾ।

ਸੋਈ ਹਜ਼ੂਰ ਹੀ ਕਿਰਪਾ ਕਰਨ। ਅਸੀਂ ਪਹਿਲਾਂ ਸੋਚਦੇ ਸੀ ਕਿ

*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ॥*
*ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ॥ ੭॥*

*(ਅੰਗ 1378)*

ਫਿਰ ਆਹਿਸਤਾ-ਆਹਿਸਤਾ ਹਜ਼ੂਰ ਨੇ ਸੋਝੀ ਬਖਸ਼ ਦਿੱਤੀ। ਪਰ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਆਪਣੇ ਸਮੇਂ ਜੋ ਵਤੀਰਾ ਵਰਤਿਆਂ ਸੀ ਉਹ ਤਾਂ

*ਜਬੈ ਬਾਣ ਲਾਗਯੋ॥*

*ਤਬੈ ਰੋਸ ਜਾਗਯੋ॥*

ਤਥਾ

*ਚੂੰ ਕਾਰ ਅਜ ਹਮਾ ਹੀਲਤੇ ਦਰ ਗੁਜਸ਼ਤ॥*

*ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ॥*

ਲੇਕਿਨ ਇਸ ਤੋਂ ਵੱਡੀ ਕੋਈ ਢਾਲ, ਤੀਰ ਕਮਾਨ ਜਾਂ ਕੋਈ ਐਟਮੀ ਸ਼ਕਤੀ ਨਹੀਂ ਹੋ ਸਕਦੀ। ਅਗਰ ਅਸੀਂ ਮਾਲਿਕ ਉੱਪਰ ਭਰੋਸਾ ਰੱਖਾਂਗੇ ਫੇਰ

*ਸੁਲਹੀ ਤੇ ਨਾਰਾਇਣ ਰਾਖੁ॥*

*ਸੁਲਹੀ ਕਾ ਹਾਥੁ ਕਹੀ ਨ ਪਹੁਚੈ*

*ਸੁਲਹੀ ਹੋਇ ਮੂਆ ਨਾਪਾਕੁ॥੧॥ (ਅੰਗ 825)*

ਅਰਦਾਸ ਕਰ ਦੇਈਏ ਫੇਰ ਹਜ਼ੂਰ ਵਲੋਂ ਅਰਦਾਸ ਕਰਨ 'ਤੇ ਸੁਲਹੀ ਖਾਨ ਵੀ ਰਸਤੇ ਵਿੱਚ ਹੀ ਭੱਠੇ ਵਿੱਚ ਸੜ ਕੇ ਪਾਕ ਤੋਂ ਨਾਪਾਕ ਹੋ ਗਿਆ ਸੀ।

**ਪਿਰੁ ਛੈਲੁ ਛਬੀਲਾ ਛਡਿ ਗਵਾਇਓ**

**ਦੁਰਮਤਿ ਕਰਮਿ ਵਿਹੂਣੀ॥**

ਫੇਰ ਉਹ ਆਤਮਾ ਪਛਤਾਵਾ ਕਰਦੀ ਹੈ ਕਿ ਮੈਨੂੰ ਉੱਥੇ ਬਹੁਤ ਸੁਖ, ਸਤਿਕਾਰ ਅਤੇ ਮਾਣ ਮਿਲਦਾ ਸੀ ਮੈਂ ਉਹਨਾਂ ਨੂੰ ਛੱਡ ਕੇ, ਉਥੋਂ ਪਿੱਛੇ ਹਟ ਕੇ ਆਪਣਾ ਕਰਮ ਬਣਾ ਲਿਆ ਹੈ। ਕਈ ਜੀਵ ਆਪਣੀ ਗਲਤੀ ਦਾ ਅਹਿਸਾਸ ਕਰ ਲੈਂਦੇ ਹਨ ਪਰ ਕਈ ਹੈਂਕੜ ਵਿੱਚ ਹੀ ਸਾਰੀ ਜ਼ਿੰਦਗੀ ਬਤੀਤ ਕਰ ਲੈਂਦੇ ਹਨ। ਪਰ ਫੇਰ ਪਛਤਾਵੇ ਤੋਂ ਬਿਨਾਂ ਹੋਰ ਕੁਝ ਪੱਲੇ ਨਹੀਂ ਰਹਿੰਦਾ। ਇਸੇ ਕਰਕੇ ਅਸੀਂ ਬਾਰ ਬਾਰ ਕਹਿੰਦੇ ਹਾਂ ਕਿ

*ਕੋਈ ਮੋੜੋ ਮਨਾਂ ਦੀਆਂ ਵਾਗਾਂ ਨੂੰ,*

*ਫੇਰ ਦੋਸ਼ ਨਾ ਦੇਣਾ ਭਾਗਾਂ ਨੂੰ।*

**ਨਾ ਹਉ ਭੁਲੀ ਨਾ ਹਉ ਚੁਕੀ ਨਾ ਮੈ ਨਾਹੀ ਦੋਸਾ॥**

ਮਾਲਿਕ ਕੋਲ ਬੇਨਤੀ ਕਰੋ ਕਿ ਹਜ਼ੂਰ! ਅਗਰ ਮੈਂ ਭੁਲੀ ਹਾਂ ਤਦ ਤੁਸੀਂ ਮੈਨੂੰ ਭੁਲਾਇਆ ਹੈ। ਸੱਚੇ ਪਾਤਿਸ਼ਾਹੋ! ਨਾਹੀ ਮੈਨੂੰ ਕਿਸੇ ਉੱਪਰ ਅਤੇ ਨਾ ਹੀ ਤੁਹਾਡੇ ਉੱਪਰ ਗਿਲਾ ਹੈ। ਮੇਰਾ ਕਰਮ ਹੀ ਐਸਾ ਆਇਆ ਸੀ ਕਿ ਮੇਰੇ ਕੋਲੋਂ ਸਭ ਭੁੱਲਾਂ-ਚੁੱਕਾਂ, ਗਲਤੀਆਂ ਹੁੰਦੀਆਂ ਰਹੀਆਂ। ਫੇਰ ਇੱਕ ਭੁੱਲ ਨੂੰ ਛੁਪਾਉਣ ਲਈ ਦੂਜੀ ਅਤੇ ਦੂਜੀ ਨੂੰ ਛੁਪਾਉਣ ਲਈ ਤੀਜੀ ਹੋ ਗਈ। ਇੰਝ ਆਹਿਸਤਾ ਆਹਿਸਤਾ ਜੀਵ ਧੱਸਦਾ ਧੱਸਦਾ ਧੱਸ ਗਿਆ।

**ਜਿਤੁ ਹਉ ਲਾਈ ਤਿਤੁ ਹਉ ਲਗੀ**

**ਤੂ ਸੁਣਿ ਸਚੁ ਸੰਦੇਸਾ॥**

ਜੀਵ ਅਕਾਲ ਪੁਰਖ ਵਾਹਿਗੁਰੂ, ਅੱਲਾਹ, ਗਾਡ, ਰਾਮ ਕੋਲ ਬੇਨਤੀ ਕਰੇ ਕਿ ਸੱਚੇ ਪਾਤਿਸ਼ਾਹੋ! ਜਿੱਧਰ ਤੁਸੀਂ ਮੈਨੂੰ ਲਾਉਂਦੇ ਹੋ ਮੈਂ ਉੱਧਰ ਹੀ ਲੱਗ ਜਾਂਦਾ ਹਾਂ।

*ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ॥*

*ਤੂੰ ਆਪੇ ਮਨਮੁਖਿ ਜਨਮਿ ਭਵਾਇਹਿ॥*

*ਨਾਨਕ ਦਾਸ ਤੇਰੈ ਬਲਿਹਾਰੈ*

*ਸਭੁ ਤੇਰਾ ਖੇਲੁ ਦਸਾਹਰਾ ਜੀਉ॥ ੪॥ (ਅੰਗ 97)*

ਹੁਣ ਤੁਸੀਂ ਜਦੋਂ ਕਿਰਪਾ ਕਰੋਗੇ ਬਖਸ਼ ਦੇਵੋਗੇ।

**ਸਾਈ ਸੋਹਾਗਣਿ ਸਾਈ ਭਾਗਣਿ**

**ਜੈ ਪਿਰਿ ਕਿਰਪਾ ਧਾਰੀ॥**

ਉਹੋ ਲੜਕੀ ਸੁਹਾਗਣ ਅਤੇ ਵਡਭਾਗਣ ਹੁੰਦੀ ਹੈ ਜਿਸ ਉੱਪਰ ਮਾਲਿਕ ਕਿਰਪਾ ਕਰਕੇ ਭੁੱਲੀ ਚੁੱਕੀ ਨੂੰ ਮਾਫ਼ ਕਰ ਦਿੰਦੇ ਹਨ।

**ਪਿਰਿ ਅਉਗਣ ਤਿਸ ਕੇ ਸਭਿ ਗਵਾਏ**

**ਗਲ ਸੇਤੀ ਲਾਇ ਸਵਾਰੀ॥**

ਹਜ਼ੂਰ ਉਸ ਦੇ ਸਾਰੇ ਔਗੁਣ ਮਾਫ਼ ਕਰਕੇ, ਗਲ ਲਾ ਕੇ ਉਸ ਦੀਆਂ ਸਾਰੀਆਂ ਅਤੇ ਭੁੱਲਾਂ ਬਖਸ਼ ਦਿੰਦੇ ਹਨ।

**ਕਰਮਹੀਣ ਧਨ ਕਰੈ ਬਿਨੰਤੀ**

**ਕਦਿ ਨਾਨਕ ਆਵੈ ਵਾਰੀ॥**

ਹਜ਼ੂਰ! ਮੈਂ ਕਰਮਾਂ ਦੀ ਮਾਰੀ ਅਤੇ ਗਲਤ ਕਰਮ ਕਰਨ ਵਾਲੀ ਇੱਕ ਸੁਰਤ ਆਤਮਾ ਹਾਂ ਜੋ ਇੱਕ ਫਰਿਆਦ ਅਤੇ ਬੇਨਤੀ ਕਰਦੀ ਹਾਂ ਕਿ ਹਜ਼ੂਰ! ਕੀ ਇਸ ਜਨਮ ਵਿੱਚ ਮੈਨੂੰ ਮਾਫ਼ੀ ਮਿਲਣ ਦੀ ਵਾਰੀ ਆ ਜਾਵੇਗੀ? ਜੀਵ ਨੂੰ ਚਾਹੀਦਾ ਹੈ ਕਿ ਇੰਝ ਫਰਿਆਦਾਂ ਕਰੀ ਜਾਵੇ। ਜਿਹੜਾ ਜੀਵ ਆਗਿਆ ਮੰਨ ਕੇ ਬੈਠਾ ਰਹਿੰਦਾ ਹੈ ਉਸ ਨੂੰ ਕੋਈ ਕਮੀ ਨਹੀਂ ਆਉਂਦੀ ਉਸ ਉੱਪਰ ਬਖਸ਼ਿਸ਼ ਅਵੱਸ਼ ਹੋ ਜਾਂਦੀ ਹੈ।

**ਸਭਿ ਸੁਹਾਗਣਿ ਮਾਣਹਿ ਰਲੀਆ**

**ਇਕ ਦੇਵਹੁ ਰਾਤਿ ਮੁਰਾਰੀ॥ ੧॥**

ਸੱਚੇ ਪਾਤਿਸ਼ਾਹੋ! ਜਿੰਨੀ ਸੰਗਤ ਹੈ ਜਿੰਨੇ ਪਰਿਵਾਰ ਹਨ ਉਹ ਸਾਰੇ ਖੁਸ਼ੀਆਂ ਮਾਣ ਰਹੇ ਹਨ। ਸਾਰਿਆਂ ਨੂੰ ਮਾਲਿਕ ਖੁਸ਼ ਹੋ ਕੇ ਮਿਲਦੇ ਹਨ ਪਰ ਪਤਾ ਨਹੀਂ ਮੇਰੀ ਵਾਰੀ ਕਦੋਂ ਆਵੇਗੀ। ਹਜ਼ੂਰ ਮੇਰੇ ਉੱਪਰ ਵੀ ਕਿਰਪਾ ਕਰੋ।

# ਸਤਿਸੰਗ ਸੰਗ੍ਾਂਦ ਮਹੀਨਾ ਚੇਤ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ**

**ੴ ਸਤਿਗੁਰ ਪ੍ਰਸਾਦਿ॥ (ਅੰਗ 1107)**

**ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥**

ਸਭ ਤੋਂ ਪਹਿਲਾਂ ਆਈ ਸੰਗਤ ਨੂੰ ਦੇਸ਼ ਵਿਦੇਸ਼ ਦੀ ਸੰਗਤ ਨੂੰ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵੇਂ ਸਾਲ ਦੀ ਲੱਖ ਲੱਖ ਵਧਾਈ ਹੋਵੇ। ਚੇਤ ਦਾ ਮਹੀਨਾ 14-03-2019 ਵੀਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਈਸਵੀ ਸੰਮਤ ਇਕ ਜਨਵਰੀ ਤੋਂ ਸ਼ੁਰੂ ਹੁੰਦਾ ਹੈ ਅਤੇ ਨਾਨਕਸ਼ਾਹੀ ਸੰਮਤ ਚੇਤ ਦੇ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਚੇਤ ਦਾ ਮਹੀਨਾ ਬੜਾ ਭਾਗਾਂ ਵਾਲਾ ਹੈ। ਇਸ ਮਹੀਨੇ ਵਿੱਚ ਬਸੰਤ ਰੁੱਤ ਆਉਂਦੀ ਹੈ ਅਤੇ ਕਿਹਾ ਜਾਂਦਾ ਹੈ ਕਿ

*ਆਈ ਬਸੰਤ ਪਾਲਾ ਉਡੰਤ*

ਇਸ ਵਾਰ ਮੀਂਹ ਪੈਣ ਕਰਕੇ ਠੰਡ ਖਤਮ ਨਹੀਂ ਹੋ ਰਹੀ। ਜਿਹੜੀਆਂ ਕਣਕਾਂ ਵਿੱਚ ਪਾਣੀ ਖੜਾ ਰਿਹਾ ਉਹਨਾਂ ਕਣਕਾਂ ਦੀ ਤਾਂ ਪਰਾਲੀ ਹੀ ਬਣ ਚੁੱਕੀ ਹੈ ਜਿਸ ਨੂੰ ਦੇਖ ਕੇ ਬਹੁਤ ਦੁੱਖ ਹੁੰਦਾ ਹੈ। ਭਾਰਤ ਦੀ 70% ਅਬਾਦੀ ਖੇਤੀਬਾੜੀ ਤੇ ਨਿਰਭਰ ਹੈ। ਹਜ਼ੂਰ ਹੁਣ ਹੀ ਕਿਰਪਾ ਕਰਨ ਅਤੇ ਕਿਸਾਨਾਂ ਦੀ ਫਸਲ ਰਾਜੀ ਖੁਸ਼ੀ ਪੱਕ ਕੇ ਘਰ ਆਵੇ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਚੇਤ ਦਾ ਮਹੀਨਾ ਬੜਾ ਭਾਗਾਂ ਵਾਲਾ ਹੈ ਇਸ ਮਹੀਨੇ ਵਿੱਚ ਬਸੰਤ ਰੁੱਤ ਆਉਂਦੀ ਹੈ ਅਤੇ ਬਹੁਤ ਸੁਹਣੇ ਫੁੱਲ ਖਿੜਦੇ ਹਨ ਜੋ ਫੁਲਕਾਰੀ ਜਾਂ ਬਾਗ ਵਾਂਗ ਲੱਗਦੇ ਹਨ। ਕਾਲੇ ਰੰਗ ਦਾ ਭੌਰਾ ਫੁੱਲਾਂ ਉੱਪਰ ਗੂੰਜਦਾ ਹੋਇਆ ਉਹਨਾਂ ਦੀ ਖੁਸ਼ਬੂ ਨੂੰ ਮਾਣਦਾ ਹੈ ਕਿ ਮਾਲਿਕ ਨੇ ਕਿਰਪਾ ਕੀਤੀ ਹੈ ਠੰਢ ਖਤਮ ਹੋ ਕੇ ਗਰਮੀ ਦੀ ਰੁੱਤ ਆਈ ਹੈ ਅਤੇ ਸਾਡੇ ਲਈ ਫੁੱਲ ਖਿੜੇ ਹਨ।

**ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥**

ਜਿੰਨੀ ਮਰਜੀ ਬਸੰਤ ਰੁੱਤ ਆਈ ਹੋਵੇ ਫੁੱਲ ਖਿੜੇ ਹੋਣ ਪਰ ਜੇਕਰ ਲੜਕੀ ਦਾ ਪਤੀ ਆਰਮੀ ਵਿੱਚ ਹੈ ਜਾਂ ਵਿਦੇਸ਼ ਵਿੱਚ ਹੈ ਅਰਥਾਤ ਘਰ ਨਹੀਂ ਹੈ ਤਾਂ ਉਸ ਨੂੰ ਇਹਨਾਂ ਫੁੱਲਾਂ ਨਾਲੋਂ ਆਪਣੇ ਪਤੀ ਨਾਲ ਜਿਆਦਾ ਪਿਆਰ ਹੁੰਦਾ ਹੈ। ਉਹ ਪੁਕਾਰ ਕਰਦੀ ਹੈ ਕਿ ਸੱਚੇ ਪਾਤਿਸ਼ਾਹੋ! ਮੇਰਾ ਪਤੀ ਘਰ ਆਵੇ। ਇਸੇ ਤਰ੍ਹਾਂ ਗੁਰਸਿੱਖ ਗੁਰਬਾਨੀ ਅੱਗੇ ਅਰਦਾਸ ਕਰਦੇ ਹਨ ਕਿ ਸੱਚੇ ਪਾਤਿਸ਼ਾਹੋ! ਇਸ ਮਹੀਨੇ ਵਿੱਚ ਸਭ ਖੁਸ਼ੀਆਂ ਅਤੇ ਖੇੜੇ ਹਨ ਪਰ ਜੇਕਰ ਤੁਸੀਂ ਮੈਨੂੰ ਦਰਸ਼ਨ ਬਖਸ਼ੋ ਤਦ ਮੇਰੀ ਇਸ ਖੁਸ਼ੀ ਵਿੱਚ ਬਹੁਤ ਵਾਧਾ ਹੋਵੇਗਾ ਅਤੇ ਮੇਰੇ ਮਨ ਨੂੰ ਵੀ ਖੇੜਾ ਆਵੇਗਾ।

**ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ**

**ਬਿਰਹਿ ਬਿਰੋਧ ਤਨੁ ਛੀਜੈ॥**

ਜੇਕਰ ਲੜਕੀ ਦਾ ਪਤੀ ਘਰ ਨਹੀਂ ਆਉਂਦਾ ਤਾਂ ਉਹ ਵਿਛੋੜੇ ਵਿੱਚ ਪਛਤਾ ਰਹੀ ਹੁੰਦੀ ਹੈ, ਮਾਯੂਸ ਹੋਈ ਹੁੰਦੀ ਹੈ। ਇਸੇ ਤਰ੍ਹਾਂ ਅਗਰ ਗੁਰਸਿੱਖ ਉੱਪਰ ਗੁਰਬਾਨੀ ਦੀ ਬਖਸ਼ਿਸ਼ ਨਹੀਂ ਹੁੰਦੀ ਤਾਂ ਉਹ ਵੀ ਉਦਾਸ ਹੁੰਦਾ ਹੈ।

**ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥**

ਇਸ ਮਹੀਨੇ ਵਿੱਚ ਅੰਬਾਂ ਦੇ ਦਰਖਤਾਂ ਨੂੰ ਛੋਟਾ ਛੋਟਾ ਬੂਰ ਪਿਆ ਹੁੰਦਾ ਹੈ। ਕੋਇਲ ਉਸ ਨੂੰ ਦੇਖ ਕੇ ਬਹੁਤ ਸੋਹਣੀਆਂ ਅਵਾਜਾਂ ਕੱਢਦੀ ਹੈ। ਪਰ ਕਿਸੇ ਨੇ ਕੋਇਲ ਨੂੰ ਪੁੱਛਿਆ ਕਿ

*ਕਾਲੀ ਕੋਇਲ ਤੂ ਕਿਤ ਗੁਨ ਕਾਲੀ॥*

ਅੱਗਿਉਂ ਕੋਇਲ ਨੇ ਉੱਤਰ ਦਿੱਤਾ

*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥ (ਅੰਕ 794)*

ਮੈਂ ਆਪਣੇ ਪ੍ਰੀਤਮ ਦੇ ਵਿਛੋੜੇ ਵਿੱਚ ਕਾਲੀ ਹੋ ਗਈ ਹਾਂ। ਇਸੇ ਤਰ੍ਹਾਂ ਅਗਰ ਕਿਸੇ ਲੜਕੀ ਦਾ ਪਤੀ ਪ੍ਰਦੇਸ ਵਿੱਚ ਹੋਣ ਕਾਰਨ ਜਾਂ ਨੌਕਰੀ ਤੇ ਲੱਗਾ ਹੋਣ ਕਰਕੇ ਨਹੀਂ ਆ ਰਿਹਾ ਜਾਂ ਜਿਹੜੇ ਗੁਰਸਿੱਖਾਂ ਨੂੰ ਮਾਲਿਕ ਦੇ ਦਰਸ਼ਨ ਨਹੀਂ ਹੁੰਦੇ ਉਹ ਸ਼ਬਦ ਵੀ ਪੜ੍ਹਦੇ ਹਨ ਪਰ ਅੰਦਰੋਂ ਉਹਨਾਂ ਦੀ ਤੜਪ ਕੋਇਲ ਵਰਗੀ ਹੁੰਦੀ ਹੈ।

**ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥**

ਭੌਰੇ ਫੁੱਲ ਦੇਖ ਕੇ ਖੁਸ਼ ਹੁੰਦੇ ਹਨ। ਲੜਕੀ ਦੀ ਰੂਹ ਉਦੋਂ ਖੁਸ਼ ਹੁੰਦੀ ਹੈ ਜਦੋਂ ਉਸ ਦਾ ਪਤੀ ਮਿਲਦਾ ਹੈ। ਇਸੇ ਤਰ੍ਹਾਂ ਗੁਰਸਿੱਖ ਉੱਪਰ ਜਦੋਂ ਬਾਣੀ ਦੀ ਬਖਸ਼ਿਸ਼ ਹੁੰਦੀ ਹੈ ਉਸ ਨੂੰ ਉਦੋਂ ਖੁਸ਼ੀ ਦੀ ਪ੍ਰਾਪਤੀ ਹੁੰਦੀ ਹੈ।

**ਨਾਨਕ ਚੇਤਿ ਸਹਜਿ ਸੁਖੁ ਪਾਵੈ**

**ਜੇ ਹਰਿ ਵਰੁ ਘਰਿ ਧਨ ਪਾਏ॥ ੫॥**

ਲੜਕੀ ਨੂੰ ਪਤੀ ਦੇ ਆਉਣ ਤੋਂ ਅਤੇ ਗੁਰਸਿੱਖਾਂ ਨੂੰ ਗੁਰਬਾਣੀ ਦੇ ਮਿਲਾਪ ਤੋਂ ਵੱਡਾ ਕੋਈ ਸੁਖ ਨਹੀਂ ਹੁੰਦਾ, ਕੋਈ ਖੁਸ਼ੀ ਅਤੇ ਖੇੜਾ ਨਹੀਂ ਹੁੰਦਾ।

ਹਜ਼ੂਰ ਕਿਰਪਾ ਕਰਨਾ ਚੇਤ ਦਾ ਮਹੀਨਾ ਵੀਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ (ਅੰਗ 133)**

**ੴ ਸਤਿਗੁਰ ਪ੍ਰਸਾਦਿ॥**

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਅਸੀਂ ਗਲਤ ਕਿਰਤ ਕਰਕੇ ਤੁਹਾਡੇ ਤੋਂ ਵਿੱਛੜ ਗਏ ਹਾਂ। ਬੇਈਮਾਨੀ ਕਰਨੀ, ਡਿਊਟੀ ਤੇ ਹਾਜਰ ਨਾ ਹੋਣਾ, ਫਰੇਬ ਕਰਨਾ, ਦੁੱਧ ਵਿੱਚ ਮਿਲਾਵਟ ਕਰਨੀ, ਝੂਠਾ ਦੁੱਧ ਅਤੇ ਪਨੀਰ ਬਣਾਉਣਾ। ਅੱਜਕੱਲ ਤਾਂ ਹਰ ਚੀਜ ਵਿੱਚ ਮਿਲਾਵਟ ਕਰਦੇ ਹਨ। ਫਸਲਾਂ ਵਾਲੇ ਵੀ ਬੇਈਮਾਨੀ ਕਰਦੇ ਹਨ। ਮੰਡੀ ਵਿੱਚ ਫਸਲ ਸੁੱਟ ਕੇ ਉੱਪਰ ਪਾਣੀ ਦੀਆਂ ਬਾਲਟੀਆਂ ਭਰ-ਭਰ ਕੇ ਪਾਈ ਜਾਂਦੇ ਹਨ। ਪਸ਼ੂਆਂ ਦੇ ਚਾਰੇ ਅਤੇ ਝੋਨੇ ਉੱਪਰ ਵੀ ਪਾਣੀ ਪਾਈ ਜਾਂਦੇ ਹਨ ਪਰ ਇਸ ਦਾ ਰਿਜ਼ਲਟ ਅੱਛਾ ਨਹੀਂ ਆਵੇਗਾ। ਫੇਰ ਅਸੀਂ ਗਲਤ ਕਰਮ ਕਰਦੇ ਹਾਂ, ਭਲਾਈ ਵਾਲਾ ਕੋਈ ਕਰਮ ਨਹੀਂ ਕਰਦੇ। ਇੰਝ ਕਿਰਤ ਅਤੇ ਕਰਮ ਦੀ ਸਜਾ ਭੋਗਦੇ ਹੋਏ ਅਸੀਂ ਮਾਲਿਕ ਤੋਂ ਵਿੱਛੜੇ ਹਾਂ। ਸੱਚੇ ਪਾਤਿਸ਼ਾਹੋ! ਤੁਸੀਂ ਆਪ ਹੀ ਕਿਰਪਾ ਅਤੇ ਬਖਸ਼ਿਸ਼ ਕਰਕੇ ਸਾਨੂੰ ਆਪਣਾ ਮਿਲਾਪ ਬਖਸ਼ੋ।

**ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥**

ਸੱਚੇ ਪਾਤਿਸ਼ਾਹੋ!

*ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ॥*

*(ਅੰਗ 1098)*

ਮੈਂ ਚਾਰੇ ਪਾਸੇ ਭੱਜ ਨੱਸ ਕੇ ਦੇਖ ਲਿਆ ਹੈ ਹੁਣ ਥੱਕ ਟੁੱਟ ਕੇ ਮੈਂ ਤੁਹਾਡੀ ਸ਼ਰਨ ਵਿੱਚ ਆਇਆ ਹਾਂ। ਮੇਰੇ ਉੱਪਰ ਬਖਸ਼ਿਸ਼ ਕਰੋ।

**ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥**

ਪਟਿਆਲਾ ਅਤੇ ਕਪੂਰਥਲੇ ਜਿਲ੍ਹੇ ਵਿੱਚ ਸਭ ਤੋਂ ਜਿਆਦਾ ਜਮੀਨ ਗਊਸ਼ਾਲਾ ਵਾਸਤੇ ਅਲਾਟ ਕੀਤੀ ਗਈ ਸੀ ਜਿਸ ਉੱਪਰ ਹੁਣ ਲੋਕਾਂ ਨੇ ਕਬਜੇ ਕਰ ਲਏ ਹਨ। ਜੋ ਅਵਾਰਾ ਪਸ਼ੂ ਜਾਂ ਅਵਾਰਾ ਗਊਆਂ ਹਨ ਉਹ ਲੋਕਾਂ ਦਾ ਬਹੁਤ ਨੁਕਸਾਨ ਕਰ ਰਹੇ ਹਨ। ਜਿੱਥੇ ਜਿੱਥੇ ਵੀ ਗਊਸ਼ਾਲਾ ਦੀ ਜਮੀਨ ਹੈ ਅਗਰ ਸਰਕਾਰ ਉਸ ਨੂੰ ਖਾਲੀ ਕਰਵਾ ਕੇ ਉਥੇ ਅਵਾਰਾ ਗਊਆਂ ਅਤੇ ਪਸ਼ੂ ਰੱਖ ਲਵੇ ਤਾਂ ਲੋਕਾਂ ਦਾ ਨੁਕਸਾਨ ਹੋਣ ਤੋਂ ਰੁਕ ਸਕਦਾ ਹੈ। ਜੋ ਗਊਸ਼ਾਲਾ ਦੀ ਜਮੀਨ ਹੈ ਉਸਦੇ ਕੁਝ ਹਿੱਸੇ ਵਿੱਚ ਪਸ਼ੂ ਰੱਖ ਕੇ ਬਾਕੀ ਉੱਪਰ ਖੇਤੀ ਕੀਤੀ ਜਾਵੇ ਤਾਂ ਪਸ਼ੂਆਂ ਵਾਸਤੇ ਚਾਰਾ ਅਤੇ ਹੋਰ ਖਰਚ ਵੀ ਉਥੋਂ ਨਿਕਲ ਸਕਦਾ ਹੈ। ਹੋਰ ਕਿਤਿਓਂ ਖਰਚਾ ਲਿਆਉਣ ਦੀ ਲੋੜ ਨਹੀਂ ਪਵੇਗੀ। ਦੂਸਰਾ, ਅਵਾਰਾ ਕੁੱਤੇ ਹਨ ਜੋ ਬੱਚਿਆਂ ਨੂੰ ਅਤੇ ਵੱਡਿਆਂ ਨੂੰ ਪਾੜ ਕੇ ਖਾ ਰਹੇ ਹਨ। ਕੁੱਤਿਆਂ ਦੇ ਵੀ ਅਪਰੇਸ਼ਨ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਉਹ ਅਗਾਂਹ ਬੱਚੇ ਘੱਟ ਜੰਮਣ। ਅਵਾਰਾ ਪਸ਼ੂ ਅਤੇ ਅਵਾਰਾ ਕੁੱਤੇ ਸਮਾਜ ਵਾਸਤੇ ਬਹੁਤ ਵੱਡਾ ਕੋਹੜ ਹੈ, ਕੈਂਸਰ ਹੈ। ਜਿੰਨਾ ਇਹਨਾਂ ਤੋਂ ਬਚਿਆ ਜਾਵੇ ਓਨਾ ਹੀ ਵਧੀਆ ਹੈ। ਇਹਨਾਂ ਨੇ ਪਾਰਕਾਂ ਵਿੱਚ ਵੀ ਅਤੇ ਪੁਰਾਣੀਆਂ ਬਿਲਡਿੰਗਾਂ ਵਿੱਚ ਵੀ ਬਹੁਤ ਗੰਦ ਪਾਇਆ ਹੋਇਆ ਹੈ। ਕੁੱਤਿਆਂ ਦੇ ਅਪਰੇਸ਼ਨ ਵਾਸਤੇ ਲਾਅ ਵੀ ਬਣੇ ਹਨ ਅਗਰ ਪਬਲਿਕ ਹਮਦਰਦੀ ਕਰੇ ਅਤੇ ਕੁੱਤਿਆਂ ਨੂੰ ਫੜ ਕੇ ਹਸਪਤਾਲ ਪਹੁੰਚਾਵੇ ਅਤੇ ਉਥੋਂ ਦਾ ਸਟਾਫ਼ ਉਹਨਾਂ ਦੇ ਅਪਰੇਸ਼ਨ ਕਰੀ ਜਾਵੇ ਤਦ ਵੀ ਬਹੁਤ ਸਾਰੀਆਂ ਬਿਪਤਾ ਹੱਲ ਹੋ ਸਕਦੀਆਂ ਹਨ।

**ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥**

ਫੇਰ ਪਾਣੀ ਦਾ ਸੰਕਟ ਹੈ। ਦਰਿਆਵਾਂ ਨਹਿਰਾਂ ਦਾ ਪਾਣੀ ਬਹੁਤ ਪ੍ਰਦੂਸ਼ਿਤ ਹੋ ਰਿਹਾ ਹੈ। ਜਿਹੜੀ ਸਾਫ਼ ਪਾਣੀ ਵਾਲੀ

ਚਿੱਟੀ ਵੇਂਈ ਸੀ ਉਹ ਸਭ ਤੋਂ ਗੰਦੀ ਵੇਂਈ ਬਣੀ ਪਈ ਹੈ ਅਤੇ ਜੋ ਕਾਲੀ ਵੇਂਈ ਸੀ ਉਹ ਫਿਰ ਵੀ ਥੋੜ੍ਹੀ ਬਹੁਤ ਠੀਕ ਹੈ। ਉਸ ਵਿਚਲੇ ਤੇਜਾਬੀ ਪਾਣੀ ਨਾਲ ਮੱਛਲੀਆਂ ਵੀ ਮਰ ਰਹੀਆਂ ਹਨ ਅਤੇ ਹੋਰ ਵੀ ਬਹੁਤ ਨੁਕਸਾਨ ਹੋ ਰਿਹਾ ਹੈ। ਉਹ ਪਾਣੀ ਫਸਲਾਂ ਨੂੰ ਦੇਣ ਦੇ ਕਾਬਿਲ ਨਹੀਂ ਰਿਹਾ। ਮੋਟਰਾਂ ਚਲਾ ਕੇ ਖੇਤਾਂ ਨੂੰ ਪਾਣੀ ਦਿੱਤਾ ਜਾਂਦਾ ਹੈ ਜਿਸ ਕਰਕੇ ਪਾਣੀ ਦਾ ਲੈਵੱਲ ਵੀ ਬਹੁਤ ਡੂੰਘਾ ਚਲਾ ਗਿਆ ਹੈ। ਇਥੇ ਹੜ ਆਉਣ ਦਾ ਵੱਡਾ ਕਾਰਨ ਇਹ ਹੈ ਕਿ ਲੋਕਾਂ ਨੇ ਪੈਲੀਆਂ ਕਰਾਹ ਕੇ ਪੱਧਰੀਆਂ ਕਰ ਦਿੱਤੀਆਂ ਹਨ।

ਅਸੀਂ ਵਿਦੇਸ਼ਾਂ ਵਿੱਚ ਜਾ ਕੇ ਦੇਖਿਆ ਹੈ ਕਿ ਉੱਥੇ ਕਿਸੇ ਨੂੰ ਵੀ ਇਹ ਹੱਕ ਨਹੀਂ ਹੈ ਕਿ ਉਹ ਜ਼ਮੀਨ ਨੂੰ ਪੱਧਰੀ ਕਰ ਸਕਣ। ਜਿੱਧਰ ਨੂੰ ਵੀ ਪਾਣੀ ਦਾ ਵਹਾਅ ਜਾਂਦਾ ਹੈ ਉਸ ਨੂੰ ਸਿੱਧਾ ਕਰਨ ਦਾ ਕਿਸੇ ਨੂੰ ਹੱਕ ਨਹੀਂ ਹੈ। ਅਗਰ ਜਗ੍ਹਾ ਟੇਢੀ ਹੈ ਤਾਂ ਵੀ ਉੱਥੇ ਟੇਢੀ ਥਾਂ 'ਤੇ ਹੀ ਮਕਾਨ ਬਣਾਇਆ ਜਾਵੇਗਾ। ਖੇਤ ਨੂੰ ਵੀ ਕਰਾਹਿਆ ਨਹੀਂ ਜਾਂਦਾ ਜਿਸ ਤਰ੍ਹਾਂ ਉੱਚੀ ਨੀਵੀਂ ਜਗ੍ਹਾ ਹੈ ਉਸੇ ਤਰ੍ਹਾਂ ਹੀ ਫਸਲ ਬੀਜੀ ਜਾਂਦੀ ਹੈ। ਇਸ ਕਰਕੇ ਉੱਥੇ ਕਦੇ ਵੀ ਹੱੜ੍ਹ ਨਹੀਂ ਆਉਂਦਾ।

ਅਗਰ ਸਾਡੇ ਦੇਸ਼ ਵਿੱਚ ਵੀ ਪਾਣੀ ਦੇ ਵਹਾਅ ਨੂੰ ਕੰਟਰੋਲ ਕਰ ਲਿਆ ਜਾਵੇ ਅਤੇ ਹਾਰਵੈਸਟਿੰਗ ਕਰ ਦਿੱਤੀ ਜਾਵੇ ਅਤੇ ਬਾਰਿਸ਼ ਦਾ ਪਾਣੀ ਧਰਤੀ ਵਿੱਚ ਹੀ ਪਾਇਆ ਜਾਵੇ ਤਾਂ ਕਦੇ ਵੀ ਹੜ੍ਹ ਨਹੀਂ ਆਉਣਗੇ। ਹੁਣ ਦਿੱਲੀ ਅਤੇ ਮੁੰਬਈ ਵਿੱਚ ਐਸਾ ਸਿਸਟਮ ਕੀਤਾ ਗਿਆ ਹੈ ਕਿ ਹਰ ਕੋਠੀ ਵਾਲੇ ਜੇ ਬੋਰ ਕਰਵਾ ਕੇ ਬਾਰਿਸ਼ ਦਾ ਪਾਣੀ ਧਰਤੀ ਹੇਠਾਂ ਨਹੀਂ ਭੇਜਣਗੇ ਤਾਂ ਨਕਸ਼ਾ ਪਾਸ ਨਹੀਂ ਹੋਵੇਗਾ। ਹੌਲੀ ਹੌਲੀ ਐਸੇ ਸਾਧਨ ਬਣ ਜਾਣਗੇ ਪਰ ਇਸ ਸਮੇਂ ਪਾਣੀ ਦੀ ਬਹੁਤ ਕਿੱਲਤ ਹੈ। ਪਾਣੀ ਤੋਂ ਵੱਡਾ ਮੁੱਦਾ ਸਰਕਾਰਾਂ ਵਾਸਤੇ ਹੋਰ ਕੋਈ ਨਹੀਂ ਹੋਣਾ ਚਾਹੀਦਾ। ਅਗਰ ਤੀਸਰੀ ਜੰਗ ਲੱਗੀ ਤਾਂ ਉਹ ਪਾਣੀ ਤੋਂ ਹੀ ਲੱਗੇਗੀ। ਪਾਣੀ ਤੋਂ ਬਗੈਰ ਸਭ ਘਾਹ ਅਤੇ ਬੂਟੇ ਸੁੱਕ ਜਾਂਦੇ ਹਨ। ਪਾਰਕਾਂ ਵਿੱਚ ਪਾਣੀ ਲਈ ਟਰੀਟਮੈਂਟ ਪਲਾਂਟ ਲੱਗੇ ਹੋਣੇ ਚਾਹੀਦੇ ਹਨ ਤਾਂਕਿ ਉਹ ਪਾਣੀ ਬੂਟਿਆਂ ਨੂੰ ਦਿੱਤਾ ਜਾ ਸਕੇ। ਅਗਰ ਅਸੀਂ ਵੀ ਥੱਲਿਓਂ ਪਾਣੀ ਕੱਢਦੇ ਹਾਂ ਤਦ ਅਸੀਂ ਵੀ ਗੁਨਾਹਗਾਰ ਹਾਂ। ਜਿਹੜੇ ਖੇਤੀਬਾੜੀ ਮਾਹਿਰ ਵੱਡੇ ਵੱਡੇ ਡਾਇਰੈੱਕਟਰ ਅਤੇ ਸੈਕਰੇਟਰੀ ਲੱਗੇ ਹਨ ਅਤੇ ਏਅਰ ਕੰਡੀਸ਼ਰਾਂ ਵਿੱਚ ਬੈਠੇ ਹਨ ਉਹਨਾਂ ਨੂੰ ਕੁਝ ਵੀ ਪਤਾ ਨਹੀ ਹੈ ਕਿ ਲੋਕਾਂ ਨੂੰ ਕੀ ਕੀ ਤਕਲੀਫ਼ਾਂ ਹਨ। ਉਹ ਉੱਥੇ ਬੈਠੇ ਬੈਠੇ ਫਾਈਲਾਂ ਕਦੇ ਇੱਧਰ ਨੂੰ, ਕਦੇ ਓਧਰ ਨੂੰ ਭੇਜ ਦਿੰਦੇ ਹਨ। ਉਹ ਕਿਸੇ ਦਾ ਵੀ ਕੰਮ ਕਰਕੇ ਖੁਸ਼ ਨਹੀਂ ਹਨ। ਅਸੀਂ ਵਿਦੇਸ਼ਾਂ ਵਿੱਚ ਜਾ ਕੇ ਦੇਖਿਆ ਕਿ ਉਥੇ ਦਫ਼ਤਰਾਂ ਵਿੱਚ ਜੋ ਅਫਸਰ ਬੈਠੇ ਹਨ ਉਹ ਲੋਕਾਂ ਨੂੰ ਦੱਸਦੇ ਹਨ ਕਿ ਤੁਹਾਡੀ ਮੁਸ਼ਕਲ ਕਿਵੇਂ ਹੱਲ ਹੋ ਸਕਦੀ ਹੈ। ਉਹ ਖੁਦ ਖੇਤਾਂ ਵਿੱਚ ਜਾ ਕੇ ਸਭ ਕੁਝ ਦੱਸਦੇ ਹਨ। ਲੇਕਿਨ ਸਾਡੇ ਅਫ਼ਸਰ, ਕਲਰਕ, ਸੈਕਰੇਟਰੀ ਜਾਂ ਦੂਸਰਾ ਦਫ਼ਤਰ ਦਾ ਅਮਲਾ ਇੱਕ ਦੂਸਰੇ ਨੂੰ ਇਹ ਦੱਸਦੇ ਹਨ ਕਿ ਆਏ ਹੋਏ ਬੰਦੇ ਨੂੰ ਗਧੀ ਗੇੜੇ ਕਿਵੇਂ ਪਾਇਆ ਜਾ ਸਕਦਾ ਹੈ। ਗਧੀ ਗੇੜੇ ਤੋਂ ਭਾਵ ਹੈ ਕਿ ਖੋਤੀ ਨੂੰ ਕਦੇ ਹਿੱਕ ਕੇ ਇੱਧਰ ਨੂੰ ਲੈ ਜਾਵੋ ਕਦੇ ਉੱਧਰ ਨੂੰ ਲੈ ਜਾਵੋ ਕਿ ਅੱਜ ਕਲਰਕ ਨਹੀਂ ਆਇਆ ਕੱਲ ਨੂੰ ਆਇਓ। ਹੁਣ ਆਹ ਕਾਗਜ ਪੁਰਾਣਾ ਹੋ ਗਿਆ ਹੈ ਨਵਾਂ ਬਣਾ ਕੇ ਲੈ ਆਓ। ਕੋਈ ਵੀ ਕੰਮ ਕਰਕੇ ਖੁਸ਼ ਨਹੀਂ ਹੈ। ਅਸੀਂ ਇਹ ਦੱਸ ਦਿੰਦੇ ਹਾਂ ਕਿ ਸਰਕਾਰਾਂ ਬਦਲਦੀਆਂ ਹਨ ਪਰ ਚੋਰ ਉੱਥੇ ਹੀ ਬੈਠੇ ਹਨ। ਜਿਹੜੇ ਸੈਕਰੇਟਰੀ, ਕਲਰਕ, ਡਾਇਰੈੱਕਟਰ, ਆਫਿਸ ਸੁਪਰਡੈਂਟ, ਡਿਪਟੀ ਸੁਪਰਡੈਂਟ ਹਨ ਉਹ ਕੋਈ ਵੀ ਸਰਕਾਰ ਆ ਜਾਵੇ ਉਥੇ ਹੀ ਬੈਠੇ ਹਨ। ਹਰ ਅਫਸਰ ਆਉਂਦਿਆਂ ਹੀ ਸੋਚ ਲੈਂਦਾ ਹੈ ਕਿ ਫੋਰ ਬਾਈ ਫੋਰ ਗੱਡੀ ਪਈ ਹੈ। ਇਹਨਾਂ ਨੂੰ ਪਤਾ ਹੈ ਕਿ ਲੋਕਾਂ ਕੋਲੋਂ ਕਿਵੇਂ ਪੈਸਾ ਠੱਗੀਦਾ ਹੈ। ਇਹਨਾਂ ਨੇ ਖੰਡ ਦੀਆਂ ਬੋਰੀਆਂ ਉੱਪਰ ਲੂਣ ਲਿਖ ਦਿੱਤਾ ਹੈ ਲੇਕਿਨ ਵਿੱਚ ਖੰਡ ਹੀ ਹੈ। ਇਹ ਢਾਂਚਾ ਉਦੋਂ ਠੀਕ ਹੋਵੇਗਾ ਜਦੋਂ ਮਨਿਸਟਰ ਕੁਰੱਪਸ਼ਨ ਬੰਦ ਕਰਨਗੇ। ਉਪਰਲੇ ਹਾਈ ਕਮਾਂਡ ਅਫ਼ਸਰ ਅਗਰ ਸਾਫ਼ ਹੋਣਗੇ ਤਦ ਹੇਠਾਂ ਵਾਲਿਆਂ ਦੀ ਜੁਰਅਤ ਨਹੀਂ ਪੈ ਸਕਦੀ ਕਿ ਉਹ ਕੁਰੱਪਸ਼ਨ ਕਰ ਸਕਣ। ਅਗਰ ਆਪਣੀ ਸੰਸਥਾ ਵਿੱਚ ਅਸੀਂ ਕੁਰੱਪਟ ਹੋਵਾਂਗੇ ਤਦ ਸਾਡਾ ਥੱਲੜਾ ਸਟਾਫ਼ ਈਮਾਨਦਾਰ ਨਹੀਂ ਰਹਿ ਸਕਦਾ। ਮਾਲਿਕ ਦੀ ਮੌਜ ਤੋਂ ਬਗੈਰ ਇਹ ਕੰਮ ਸਿੱਧਾ ਨਹੀਂ ਹੋ ਸਕਦਾ। ਇਸ ਕਰਕੇ ਸੱਚੇ ਪਾਤਿਸ਼ਾਹੋ!

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ (ਅੰਗ 853)*

ਹੁਣ ਜੱਗ ਦਾ ਦਾਤਾ ਵੀ ਬੇ ਮੌਸਮੀ ਬਾਰਿਸ਼ ਅਤੇ ਗੜੇ ਪਾ ਰਹੇ ਹਨ, ਬਰਫ਼ਾਂ ਵੀ ਪੈ ਰਹੀਆਂ ਹਨ। ਮੌਸਮ ਵੀ ਉਲਟ ਹੋਇਆ ਪਿਆ ਹੈ। ਪਤਾ ਨਹੀਂ ਸਾਡੇ ਜੀਵਾਂ ਕੋਲੋਂ ਕੀ ਭੁੱਲ ਹੋਈ ਹੈ? ਪਰ ਸੱਚੇ ਪਾਤਿਸ਼ਾਹੋ! ਸਾਡੀਆਂ ਭੁੱਲਾਂ ਨਾ ਦੇਖਦੇ ਹੋਏ ਸਾਡੇ ਉੱਪਰ ਕਿਰਪਾ ਕਰੋ।

ਹਜ਼ੂਰ ਕਿਰਪਾ ਕਰੋ ਪਾਣੀ ਤੋਂ ਬਗੈਰ ਸਰਦਾ ਨਹੀਂ ਹੈ। ਰਿਸ਼ੀਆਂ ਮੁਨੀਆਂ ਨੇ ਬਾਰਾਂ ਸਾਲ ਦੀ ਔੜ ਮੰਗ ਲਈ ਸੀ ਪਰ ਬਾਰਾਂ ਘੰਟੇ ਦਾ ਤੇਜ ਮੀਂਹ ਨਹੀਂ ਮੰਗਿਆ ਸੀ। ਇਸ ਕਰਕੇ ਸਾਨੂੰ ਅਤੇ ਸਮਾਜ ਨੂੰ ਸੋਝੀ ਬਖਸ਼ੋ ਕਿ ਅਸੀਂ ਪਾਣੀ ਅਤੇ ਵਾਤਾਵਰਨ ਨੂੰ ਸਾਫ਼ ਰੱਖੀਏ ਅਤੇ ਵਿਅਰਥ ਨਾ ਗੁਆਈਏ।

ਪਿੰਡਾਂ ਵਿੱਚ ਪਾਣੀ ਤੇ ਕੰਟਰੋਲ ਨਾ ਹੋਣ ਕਰਕੇ ਉਥੇ ਲੰਘਣ ਨੂੰ ਥਾਂ ਨਹੀਂ ਮਿਲਦਾ। ਇੰਝ ਕਿਤੇ ਸੋਕਾ ਅਤੇ ਕਿਤੇ ਡੋਬਾ ਹੋ ਰਿਹਾ ਹੈ। ਪਰ ਪਾਣੀ ਨਾ ਮਿਲਣ ਤੇ ਸਾਖਾਂ ਕੁਮਲਾ ਜਾਂਦੀਆਂ ਹਨ।

**ਹਰਿ ਨਾਹ ਨ ਮਿਲੀਐ ਸਾਜਨੈ**

**ਕਤ ਪਾਈਐ ਬਿਸਰਾਮ॥**

ਜਿਸ ਤਰ੍ਹਾਂ ਬੂਟੇ ਪਾਣੀ ਤੋਂ ਬਗੈਰ ਸੁੱਕ ਜਾਂਦੇ ਹਨ ਇਸ ਤਰ੍ਹਾਂ ਗੁਰਸਿੱਖ ਨੂੰ ਵੀ ਨਾਮ ਦੀ ਬਖਸ਼ਿਸ਼ ਤੋਂ ਬਗੈਰ ਚੈਨ ਨਹੀਂ ਆਉਂਦਾ। ਫੇਰ ਗੁਰਸਿੱਖ ਪਪੀਹੇ ਦੀ ਪੁਕਾਰ ਵਾਂਗ ਮਾਲਿਕ ਦੇ ਮਿਲਾਪ ਵਾਸਤੇ ਤਰਲੇ ਪਾਉਂਦੇ ਹਨ।

**ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ**

**ਭਠਿ ਨਗਰ ਸੇ ਗ੍ਰਾਮ॥**

ਜਿਸ ਲੜਕੀ ਦੀ ਸੇਜ ਉੱਪਰ ਉਸ ਦਾ ਪਤੀ ਨਹੀਂ ਹੰਦਾ ਉਸ ਦੀ ਸੇਜ ਭੱਠੇ ਸਮਾਨ ਤਪਦੀ ਹੈ ਅਤੇ ਘਰ ਉਸ ਨੂੰ ਵੱਢਣ ਨੂੰ ਪੈਂਦਾ ਹੈ ਇਸ ਕਰਕੇ ਲੜਕੀ ਵਾਸਤੇ ਪਤੀ ਅਤੇ ਗੁਰਸਿੱਖ ਵਾਸਤੇ ਗੁਰਬਾਨੀ ਦੀ ਬਖਸ਼ਿਸ਼ ਬਹੁਤ ਜਰੂਰੀ ਹੈ।

**ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥**

ਅਗਰ ਲੜਕੀ ਦਾ ਪਤੀ ਉਸ ਦੇ ਪਾਸ ਖੁਸ਼ ਹੋ ਕੇ ਨਹੀਂ ਆਉਂਦਾ ਤਾਂ ਉਸ ਦੇ ਹਾਰ, ਸ਼ਿੰਗਾਰ, ਮੇਕਅੱਪ, ਗਹਿਣੇ, ਕੱਪੜੇ ਆਦਿ ਬੇਕਾਰ ਨਜਰ ਆਉਂਦੇ ਹਨ। ਇਸੇ ਤਰ੍ਹਾਂ ਗੁਰਸਿੱਖ ਜਿੰਨਾ ਮਰਜੀ ਪਹਿਰਾਵਾ ਬਦਲੀ ਕਰ ਲਵੇ, ਦਿਖਾਵਾ ਕਰ ਲਵੇ ਪਰ ਜੇਕਰ ਉਸ ਉੱਪਰ ਗੁਰਬਾਨੀ ਦੀ ਬਖਸ਼ਿਸ਼ ਨਹੀਂ ਹੁੰਦੀ ਤਾਂ ਉਸ ਨੂੰ ਪਹਿਰਾਵੇ ਦਾ ਕੋਈ ਲਾਭ ਨਹੀਂ ਹੁੰਦਾ।

**ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥**

ਜਿਸ ਦੇ ਪਾਸ ਮਾਲਿਕ ਦੀ ਬਖਸ਼ਿਸ਼ ਨਹੀਂ ਹੁੰਦੀ ਸਾਰੇ ਲੋਕ ਉਸ ਨੂੰ ਮਿਲਣੋਂ ਅਤੇ ਬੁਲਾਉਣੋਂ ਹਟ ਜਾਂਦੇ ਹਨ। ਜਿਸ ਲੜਕੀ ਦਾ ਪਤੀ ਉਸ ਦੇ ਪਾਸ ਨਹੀਂ ਆਉਂਦਾ ਉਸ ਦੇ ਰਾਜ ਭਾਗ ਦੇ ਨੌਕਰ- ਚਾਕਰ ਵੀ ਉਥੋਂ ਭੱਜ ਜਾਂਦੇ ਹਨ। ਕੋਈ ਵੀ ਉਸ ਦੀ ਸੇਵਾ ਕਰਨ ਲਈ ਤਿਆਰ ਨਹੀਂ ਹੁੰਦਾ।

**ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥**

ਹਜ਼ੂਰ ਫੁਰਮਾਉਂਦੇ ਹਨ ਕਿ ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਮੇਰੇ ਉੱਪਰ ਗੁਰਬਾਨੀ ਦੀ ਬਖਸ਼ਿਸ਼ ਕਰੋ। ਅਗਰ ਉਸ ਉੱਪਰ ਬਖਸ਼ਿਸ਼ ਹੋਵੇਗੀ ਤਾਂ ਰਾਜੇ ਮਹਾਰਾਜੇ ਵੀ ਗੁਰੂ ਰਵਿਦਾਸ ਜੀ, ਸੰਤ ਨਾਮਦੇਵ ਜੀ, ਸੈਨ ਨਾਈ ਜੀ, ਸੰਤ ਕਬੀਰ ਜੀ ਅਤੇ ਫਰੀਦ ਸਾਹਿਬ ਜੀ ਵਰਗੇ ਗਰੀਬਾਂ ਦੇ ਚਰਨੀਂ ਆ ਕੇ ਪਏ।

**ਹਰਿ ਮੇਲਹੁ ਸੁਆਮੀ ਸੰਗਿ ਪ੍ਰਭ**

**ਜਿਸ ਕਾ ਨਿਹਚਲ ਧਾਮ॥ ੧॥**

ਕਿਤੇ ਲਿਖਿਆ ਹੈ ਕਿ

*ਸੇਈ ਪਿਆਰਿਆਂ ਮੇਲ*

*ਜਿਹਨਾਂ ਦੇ ਮਿਲਿਆਂ ਤੇਰਾ ਨਾਮ ਚਿਤ ਆਵਹਿ॥*

*ਚਿਤ ਆਵਣ ਕਾ ਸਦਕਾ ਸਰਬ ਸੁਖ ਹੋਵਹਿ॥*

ਪਰ ਇਥੇ ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਮੈਨੂੰ ਐਸੀ ਤਾਕਤ ਦਾ ਮਿਲਾਪ ਕਰਾਓ ਜਿਹੜਾ ਅੱਗੇ ਉਸ ਮਾਲਿਕ ਨਾਲ ਜੁੜਿਆ ਹੋਵੇ ਵਰਨਾ

*ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ*

*ਤਿਸ ਦਾ ਨ.ਫਰੁ ਕਿਥਹੁ ਰਜਿ ਖਾਏ॥ (ਅੰਗ 306)*

ਅਗਰ ਸਾਧੂ ਨੂੰ ਖੁਦ ਨੂੰ ਦਰਸ਼ਨ ਨਹੀਂ ਹੁੰਦੇ ਜਾਂ ਗੁਰਬਾਨੀ ਦੀ ਬਖਸ਼ਿਸ਼ ਨਹੀਂ ਹੈ ਤਦ ਸੰਗਤ ਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ।

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥**

ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਤੁਸੀਂ ਚੇਤ ਦੇ ਮਹੀਨੇ ਵਿੱਚ ਅਰਾਧਨਾ ਕਰੋਗੇ ਫੇਰ ਤੁਹਾਨੂੰ ਬਹੁਤ ਅਨੰਦ, ਖੁਸ਼ੀ ਅਤੇ ਖੇੜਾ ਆਵੇਗਾ।

**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥**

ਅਗਰ ਸੰਤਾਂ ਸਾਧੂਆਂ ਦੇ ਮਿਲਾਪ ਤੋਂ ਬਾਅਦ ਉਹਨਾਂ ਦੀ ਰਸਨਾ 'ਚੋਂ ਨਿਕਲੇ ਹੋਏ ਸ਼ਬਦਾਂ ਨੂੰ ਸੁਣੋਗੇ ਤਾਂ ਉਸ ਦੇ ਨਾਲ ਤੁਹਾਡੇ ਕੰਨਾਂ ਵਿੱਚ ਜੋ ਅਵਾਜ ਪਵੇਗੀ ਉਸ ਨਾਲ ਪੱਥਰ ਵੀ ਤਰ ਜਾਂਦੇ ਹਨ, ਹਾਥੀ ਉੱਪਰ ਬਖਸ਼ਿਸ਼ ਹੋ ਜਾਂਦੀ ਹੈ।

*ਏ ਰਸਨਾ ਤੂ ਅਨਰਸਿ ਰਾਚਿ ਰਹੀ*

*ਤੇਰੀ ਪਿਆਸ ਨ ਜਾਇ॥*

*ਪਿਆਸ ਨ ਜਾਇ ਹੋਰਤੁ ਕਿਤੈ*

*ਜਿਚਰੁ ਹਰਿ ਰਸੁ ਪਲੈ ਨ ਪਾਇ॥ (ਅੰਗ 921)*

ਇੰਝ ਹਰੀ ਦੇ ਰਸ ਦੀ ਪ੍ਰਾਪਤੀ ਹੋ ਕੇ ਜੀਵ ਦੇ ਸਾਰੇ ਦੁੱਖ ਨਵਿਰਤ ਹੋ ਜਾਣਗੇ।

**ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥**

ਜਿਹੜੇ ਜੀਵਾਂ ਨੂੰ ਪੂਰਨ ਸੰਤ, ਬਾਣੀ ਦੇ ਰਸੀਏ ਮਿਲ ਜਾਂਦੇ ਹਨ ਉਹਨਾਂ ਦਾ ਦੁਨੀਆਂ ਵਿੱਚ ਆਉਣਾ ਵਿਅਰਥ ਨਹੀਂ ਜਾਂਦਾ, ਸੁਕਾਰਥੇ ਲੱਗਦਾ ਹੈ।

**ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥**

**Monthly GURBANI UPMA Regd. No. RN 42490/87**
**S. G. L. JAN SEWA KENDAR, GARHA, JALANDHAR-144 022.**
**Phones : 0181-5054199, 98760-04507**

ਉਹ ਜੀਵ ਇੱਕ ਮਿੰਟ ਵੀ ਮਾਲਿਕ ਦੇ ਮਿਲਾਪ ਤੋਂ ਬਿਨਾਂ ਨਹੀਂ ਰਹਿ ਸਕਦਾ। ਉਹ ਕਹਿੰਦੇ ਹਨ ਕਿ ਅਗਰ ਅਸੀਂ ਗੁਰਬਾਣੀ ਨਹੀਂ ਸੁਣਦੇ, ਕੀਰਤਨ ਨਹੀਂ ਸੁਣਦੇ ਤਦ ਸਾਡਾ ਜਨਮ ਔਂਤਰ ਜਾ ਰਿਹਾ ਹੈ। ਉਹਨਾਂ ਵਾਸਤੇ

*ਇੱਕ ਘੜੀ ਦਾ ਵਿਛੋੜਾ ਮੇਰੇ ਮਾਲਿਕਾ*
*ਜੁਗਾਂ ਦੇ ਸਮਾਨ ਹੋ ਗਿਆ।*

ਇੱਕ ਘੜੀ ਬਤੀਤ ਕਰਨੀ ਵੀ ਬੜੀ ਕਠਿਨ ਹੁੰਦੀ ਹੈ।

**ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥**

ਤੁਸੀਂ ਜੰਗਲਾਂ, ਪਹਾੜਾਂ, ਸਮੁੰਦਰਾਂ, ਜਹਾਜ, ਖੇਤਾਂ ਵਿੱਚ ਜਾਂ ਕਿਤੇ ਵੀ ਚਲੇ ਜਾਵੋ ਉਹ ਤਾਕਤ

Omni Present, Omni Potent, Omni Cient ਹਨ
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥*
*(ਅੰਗ 684)*

ਉਹ ਮਾਲਿਕ ਹਰ ਥਾਂ ਹਾਜਰ ਨਾਜਰ ਹਨ।

**ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥**

ਕਿੰਨੀ ਵੱਡੀ ਦੁੱਖ ਦੀ ਗੱਲ ਹੈ ਕਿ ਅਸੀਂ ਬੀਮਾਰ ਹੋਣ 'ਤੇ ਚੀਕਾਂ ਮਾਰਦੇ ਹਾਂ ਪਰ ਉਸ ਮਾਲਿਕ ਨੂੰ ਚੇਤੇ ਨਹੀਂ ਕਰਦੇ। ਜਿਸ ਸਿਮਰਨ ਦੇ ਕਰਨ ਨਾਲ ਸਭ ਕੁਝ ਠੀਕ ਹੋ ਜਾਂਦਾ ਹੈ ਅਸੀਂ ਉਹ ਸਿਮਰਨ ਕਰਨ ਲਈ ਤਿਆਰ ਨਹੀਂ ਹਾਂ, ਕੀਰਤਨ ਸੁਣਨ ਲਈ ਜਾਂ ਕੀਰਤਨ ਕਰਨ ਲਈ ਤਿਆਰ ਨਹੀਂ ਹਾਂ।

**ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥**

ਜਿਹੜੇ ਜੀਵ ਗੁਰਬਾਣੀ ਵੱਲ ਤੁਰਦੇ ਹਨ ਉਹਨਾਂ ਦੇ ਭਾਗ ਵੱਡੇ ਹਨ ਅਤੇ ਉੱਚੇ ਸੁੱਚੇ ਹਨ। ਉਹਨਾਂ ਦੇ ਭਾਗਾਂ ਦੀ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ।

**ਹਰਿ ਦਰਸਨ ਕੰਉ ਮਨੁ ਲੋਚਦਾ**
**ਨਾਨਕ ਪਿਆਸ ਮਨਾ॥**

ਸੱਚੇ ਪਾਤਿਸ਼ਾਹੋਂ! ਮੈਨੂੰ ਤੁਹਾਡੇ ਦਰਸ਼ਨਾਂ ਦੀ ਪਿਆਸ ਲੱਗੀ ਹੋਈ ਹੈ। ਮੈਨੂੰ ਆਪਣੇ ਦਰਸ਼ਨ ਬਖਸ਼ੋ। ਜਿਹੜੇ ਗੁਰਸਿੱਖ ਹਨ ਉਹਨਾਂ ਦਾ ਮਨ ਦਰਸ਼ਨਾਂ ਲਈ ਤਰਸਦਾ ਹੈ ਅਤੇ ਉਹ ਬੇਨਤੀਆਂ ਕਰਦੇ ਹਨ ਕਿ

*ਦਰਸਨੁ ਦੇਖਿ ਜੀਵਾ ਗੁਰ ਤੇਰਾ॥*
*ਪੂਰਨ ਕਰਮੁ ਹੋਇ ਪ੍ਰਭ ਮੇਰਾ॥ ੧॥ (ਅੰਗ 742)*

ਸੱਚੇ ਪਾਤਿਸ਼ਾਹੋ! ਮੈਨੂੰ ਦਰਸ਼ਨ ਅਵੱਸ਼ ਬਖਸ਼ੋ।

**ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥ ੨॥**

ਹਜ਼ੂਰ ਫੁਰਮਾਉਂਦੇ ਹਨ ਕਿ ਜਿਹੜੇ ਇਸ ਮਹੀਨੇ ਵਿੱਚ ਮਾਲਿਕ ਦਾ ਭੇਦ ਦੱਸ ਕੇ ਗੁਣ ਦੱਸਦੇ ਹਨ ਅਸੀਂ ਉਹਨਾਂ ਦੇ ਪੈਰੀਂ ਪੈਣ ਲਈ ਤਿਆਰ ਹਾਂ।

ਸੋਈ ਹਜ਼ੂਰ ਕਿਰਪਾ ਕਰਨ। ਚੇਤ ਦਾ ਮਹੀਨਾ ਵੀਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆਂ ਬਿਤਾਉਣ। ਪਰਿਵਾਰਾਂ ਵਿੱਚ ਸੁਖ ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਫੇਰ ਆਈ ਸੰਗਤ ਨੂੰ ਦੇਸੀ ਮਹੀਨੇ ਅਨੁਸਾਰ ਸ਼ੁਰੂ ਹੋਏ ਨਵੇਂ ਸਾਲ ਦੀ ਬਹੁਤ ਬਹੁਤ ਵਧਾਈ ਹੋਵੇ।

ਜਿਹੜੀ ਸੰਗਤ ਵਿਦੇਸ਼ਾਂ ਵਿੱਚ ਹੋਣ ਕਾਰਨ ਜਾਂ ਸੇਵਾ ਵਿੱਚ ਲੱਗੀ ਹੋਣ ਕਰਕੇ ਨਹੀਂ ਆ ਸਕੀ ਹਜ਼ੂਰ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਬ੍ਰਾਇਟ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-5054199, 98760-04507
www.sglchhosp.org

**ਐਡੀਟਰ : ਮਹਿੰਦਰ ਸਿੰਘ ਪਰਵਾਨਾ** **ਜਿਲਦ-31 ਅੰਕ 1** **ਮਾਰਚ : 2019** **ਕੀਮਤ : 8 ਰੁਪੈ**